# ਕਾਵਿ-ਛੱਲਾਂ

ਸੰਪਾਦਕ
ਰਵਿੰਦਰ ਜਹਾਂਗੀਰ
ਵਿਸ਼ਾਲ ਮੋਂਗਾ

Prism Publishers

# Kaav-Chhallan

**Editors :**
Ravinder Jahangir
Vishal Monga

© & ℗ are reserved with the publisher.

**Price** :₹ 85/-

**First Edition** :
February, 2012

**Copy Editor** :
Jagtar Singh Deol, Mohali

**Concept & Design** :
Gurpreet Maan

**Publication** :
Prism Publishers,
S.A.S. Nagar, Mohali (Punjab)
E-mail: prismpublisher@gmail.com
Phone : +91-9878167816

**Printed at** :
Avinash Printers
Sector 68,
S.A.S. Nagar, Mohali

## ਸਮਰਪਣ

ਸ਼੍ਰੀਮਤੀ ਆਸ਼ਾ ਸਰੋਚ ਨੂੰ
ਯਾਦ ਕਰਦਿਆਂ
ਦੁਨੀਆਂ ਦੀਆਂ ਸਾਰੀਆਂ ਮਾਂਵਾਂ
ਨੂੰ ਸਮਰਪਿਤ

# ਉੱਦਮੀ ਕਾਰਜ

ਮੇਰੇ ਛੋਟੇ ਵੀਰਾਂ ਰਵਿੰਦਰ ਜਹਾਂਗੀਰ, ਵਿਸ਼ਾਲ ਮੋਂਗਾ ਤੇ ਹੋਰ ਸਾਥੀਆਂ ਨੇ ਨਵੇਂ ਉੱਭਰ ਰਹੇ ਲਿਖਾਰੀਆਂ ਤੋਂ ਰਚਨਾਵਾਂ ਇਕੱਠੀਆਂ ਕਰਕੇ ਪੁਸਤਕ ‘ਕਾਵਿ–ਛੱਲਾਂ’ ਪ੍ਰਕਾਸ਼ਿਤ ਕਰਨ ਦਾ ਜੋ ਉੱਦਮ ਕੀਤਾ ਹੈ, ਉਹ ਬਹੁਤ ਹੀ ਸ਼ਲਾਘਾਯੋਗ ਹੈ। ਕੁਦਰਤ ਨੇ ਹਰ ਵਿਅਕਤੀ ਵਿੱਚ ਵੱਖਰੀ–ਵੱਖਰੀ ਕਿਸਮ ਦੀਆਂ ਸ਼ਕਤੀਆਂ ਅਤੇ ਸੰਭਾਵਨਾਵਾਂ ਵਿਕਸਿਤ ਕੀਤੀਆਂ ਹਨ, ਕਿਸੇ ਵਿੱਚ ਡਾਕਟਰ ਬਣਨ ਦੀ ਸਮਰੱਥਾ ਹੈ, ਕਿਸੇ ਵਿੱਚ ਇੰਜੀਨੀਅਰ ਅਤੇ ਕਿਸੇ ਵਿੱਚ ਅਧਿਆਪਕ। ਇਸੇ ਤਰ੍ਹਾਂ ਕੋਈ ਵਿਅਕਤੀ ਖਿਡਾਰੀ ਬਣ ਸਕਦਾ ਹੈ, ਕੋਈ ਵਿਗਿਆਨੀ, ਕੋਈ ਸਾਹਿਤਕਾਰ, ਕੋਈ ਲੀਡਰ ਅਤੇ ਕੋਈ ਕਲਾਕਾਰ। ਸਾਡੀ ਸਿੱਖਿਆ ਇਸੇ ਤਰ੍ਹਾਂ ਦੀ ਹੋਣੀ ਚਾਹੀਦੀ ਹੈ ਜਿਹੜੀ ਵਿਦਿਆਰਥੀਆਂ ਵਿੱਚ ਮਜਬੂਤਜ ਮਾਂਦਰੂਰ_ ਚੀਆਂਨ੍ਹੂੰ ਉ_ ਤਸ਼ਾਹਿਤਕ ਰੇਅ ਤੇਉ_ ਨ੍ਹਾਂਨ੍ਹੂੰ ਅ ਾਪਣੀ ਮੰਜ਼ਿਲ ’ਤੇ ਪਹੁੰਚਾਏ। ਰਵਿੰਦਰ ਜਹਾਂਗੀਰ, ਵਿਸ਼ਾਲ ਮੋਂਗਾ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਕੀਤਾ ਇਹ ਯਤਨ ਨੌਜਵਾਨਾਂ ਵਿੱਚ ਮੌਜੂਦ ਸਾਹਿਤਿਕ ਰੁਚੀਆਂ ਨੂੰ ਪ੍ਰਫੁੱਲਿਤ ਕਰੇਗਾ ਤੇ ਇਨ੍ਹਾਂ ਨੌਜਵਾਨਾਂ ਵਿੱਚੋਂ ਹੀ ਕਈ ਅੱਗੇ ਜਾ ਕੇ ਮਹਾਨ ਸਾਹਿਤਕਾਰ ਬਣਨਗੇ ਅਤੇ ਆਪਣੀ ਮਾਂ–ਬੋਲੀ, ਦੇਸ਼ ਅਤੇ ਕੌਮ ਦੀ ਸੇਵਾ ਵਿੱਚ ਆਪਣਾ ਬਣਦਾ ਯੋਗਦਾਨ ਪਾਉਣਗੇ। ਪੁਸਤਕ ਵਿਚਲੀਆਂ ਸਾਰੀਆਂ ਰਚਨਾਵਾਂ ਮੁੱਲਵਾਨ ਹਨ ਅਤੇ ਸਮਾਜ ਵਿੱਚ ਜੋ ਕੁਝ ਵੀ ਵਾਪਰ ਰਿਹਾ ਹੈ ਉਸਦਾ ਵਰਨਣ ਕਰਦੀਆਂ ਹਨ।

ਕਲਮ ਵਿੱਚ ਬਹੁਤ ਤਾਕਤ ਹੁੰਦੀ ਹੈ, ਕਵਿਤਾ ਸਮਾਜ ਵਿੱਚ ਤਬਦੀਲੀ ਲਿਆ ਸਕਦੀ ਹੈ। ਸ਼ਾਇਦ ਇਸੇ ਕਾਰਣ ਹੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਦਰਬਾਰ ਵਿੱਚ 52 ਕਵੀ ਵੀ ਰੱਖੇ ਸਨ ਅਤੇ ਉਨ੍ਹਾਂ ਦੀਆਂ ਕਵਿਤਾਵਾਂ ਤੋਂ ਖੁਸ਼ ਹੋ ਕੇ ਉਨ੍ਹਾਂ ਨੂੰ ਵੱਡੇ–ਵੱਡੇ ਇਨਾਮ ਵੀ ਦਿਆ ਕਰਦੇ ਸਨ। ਮੈਨੂੰ ਪੂਰਨ ਆਸ ਹੈ ਕਿ ਮੇਰੇ ਇਹ ਛੋਟੇ ਵੀਰ ਭਵਿੱਖ ਵਿੱਚ ਵੀ ਆਪਣੀ ਮਾਂ–ਬੋਲੀ, ਸੱਭਿਆਚਾਰ ਅਤੇ ਵਿਰਾਸਤ ਦੀ ਸਾਂਭ–ਸੰਭਾਲ ਲਈ ਯੋਗ

ਉਪਰਾਲੇ ਕਰਦੇ ਰਹਿਣਗੇ ਅਤੇ ਨੌਜਵਾਨ ਲਿਖਾਰੀ ਆਪਣੀ ਕਲਮ ਨੂੰ ਖੁੰਢਾ ਨਹੀਂ ਹੋਣ ਦੇਣਗੇ, ਆਪਣੀ ਕਲਮ ਨੂੰ ਹਮੇਸ਼ਾਂ ਹੱਕ, ਸੱਚ ਅਤੇ ਨਿਆਂ ਲਈ ਹੀ ਵਰਤਦੇ ਹੋਏ ਚੰਗੇਰੇ ਸਮਾਜ ਦੀ ਸਿਰਜਣਾ ਕਰਨ ਲਈ ਆਪਣੀ ਪੂਰੀ ਵਾਹ ਲਾਉਣਗੇ।

ਮੈਂ ਮੰਜਕੀ ਪੰਜਾਬੀ ਸੱਥ, ਭੰਗਾਲਾ ਵੱਲੋਂ ਇਸ ਮਹਾਨ ਉੱਦਮ ਲਈ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ, ਵਾਹਿਗੁਰੂ ਸਭ ਨੂੰ ਚੜ੍ਹਦੀ ਕਲਾ ਵਿੱਚ ਰੱਖੇ।

ਆਪ ਜੀ ਦਾ ਪੰਜਾਬੀ ਭਰਾ,
ਪ੍ਰਿੰ. ਕੁਲਵਿੰਦਰ ਸਿੰਘ ਸਰਾਏ
ਮੰਜਕੀ ਪੰਜਾਬੀ ਸੱਥ,
ਭੰਗਾਲਾ, ਜਲੰਧਰ
ਪੰਜਾਬ

# ਦੋ ਗੱਲਾਂ

'ਕਾਵਿ-ਛੱਲਾਂ' ਕਾਵਿ ਸੰਗ੍ਰਹਿ ਪੰਜਾਬੀ ਦੇ ਨਵੇਂ ਉੱਭਰਦੇ ਕਲਮਕਾਰਾਂ ਵੱਲੋਂ ਅਹਿਸਾਸਾਂ ਨੂੰ ਸ਼ਾਇਰਾਨਾਂ ਰੰਗਤ ਵਿੱਚ ਸਮੋ ਕੇ ਪਾਠਕਾਂ ਸਾਹਵੇਂ ਪੇਸ਼ ਕਰਨ ਦਾ ਇੱਕ ਸ਼ਲਾਘਾਯੋਗ ਉਪਰਾਲਾ ਹੈ। ਨੌਜਵਾਨ ਕਵੀ ਰਵਿੰਦਰ ਜਹਾਂਗੀਰ ਅਤੇ ਵਿਸ਼ਾਲ ਮੋਂਗਾ ਨੇ ਆਪਣੇ ਰੁਝੇਵਿਆਂ ਵਿੱਚੋਂ ਵਿਸ਼ੇਸ਼ ਸਮਾਂਚ੍ਰਾਕ ੇਅ ਾਪਣੇਸ ਾਥੀਸ਼ ਾਇਰਾਂਦ ਿਕ ਵਿਤਾਨ੍ੂੰਲ ਝ਼ੀਬੱਧਸ ਜੋਕੇ ਸੰਪਾਦਿਤ ਕੀਤਾ ਹੈ। ਹਥਲੀ ਕਿਤਾਬ ਵਿੱਚ ਰਵਿੰਦਰ ਜਹਾਂਗੀਰ ਦੀ ਕਵਿਤਾ 'ਮੈਂ ਮਿੱਟੀ ਦੇਸ਼ ਪੰਜਾਬ ਦੀ' ਅਜੋਕੇ ਪੰਜਾਬ ਅਤੇ ਪੰਜਾਬੀਅਤ ਦੀ ਹੀ ਰੂਪਮਾਨਤਾ ਹੈ। ਸਾਰੀ ਕਵਿਤਾ ਵਿੱਚ ਨੌਜਵਾਨ ਕਵੀ ਸੀਨੇ ਵਿੱਚ ਬਲਦੀ ਅੱਗ ਦੇ ਪਰਛਾਵੇਂ ਦਾ ਜ਼ਿੰਦਗੀ ਦੇ ਆਸ਼ਾਮਈ ਅਤੇ ਨਿਰਾਸ਼ਾਮਈ ਰੂਪ ਵਿੱਚ ਚਿੱਤਰਨ ਕਰਦਾ ਨਜ਼ਰ ਆਉਂਦਾ ਹੈ। ਸੁਖਰਾਜ ਦੀ ਕਵਿਤਾ 'ਗੁਮਨਾਮ ਔਰਤ' ਦਿਲ ਦੇ ਅਰਮਾਨਾਂ ਦੀ ਅਪੂਰਤੀ ਦੀ ਗੱਲ ਕਰਦੀ ਹੈ। ਜਦਕਿ ਚਰਨਜੀਤ ਰੰਧਾਵਾ ਆਪਣਾ ਨਜ਼ਰੀਆ 'ਵੇਸਵਾ ਦਾ ਢਾਬਾ' ਅਤੇ 'ਵਿਦਾਈਆਂ' ਵਿੱਚ ਪੇਸ਼ ਕਰਦਾ ਹੈ। ਬਲਜਿੰਦਰ ਕੌਰ ਆਪਣੇ ਜਜ਼ਬਾਤ ਅਗਲੇ ਜਨਮ ਵਿੱਚ ਪੂਰੇ ਹੋਣ ਦੀ ਆਸ ਕਰਦੀ ਹੈ । ਜੱਸੀ ਗਿੱਲ 'ਮੈਂ ਮਜਦੂਰ ਹਾਂ ਪਰ ਮਜ਼ਬੂਰ ਨਹੀਂ' ਵਿੱਚ ਇੱਕ ਇਨਕਲਾਬੀ ਉਡਾਨ ਭਰਦਾ ਹੈ ।ਉਹ ਕਿਸੇ ਬਣ-ਠਣ ਕੇ ਰਹਿਣ ਵਾਲੀ ਦਾ ਲਾਸ਼ ਬਣ ਕੇ ਜ਼ਮੀਨ 'ਤੇ ਵਿਛੀ ਪਈ ਜਾਨ ਨੂੰ 'ਕਮਲੀ' ਦੀ ਉਪਾਧੀ ਦਿੰਦਾ ਹੈ। ਜਗਤਾਰ ਸਿੰਘ ਦਿਓਲ 'ਰੁੱਖਾਂ ਦੀਆਂ ਕੁੱਖਾਂ' 'ਚੋਂ ਲਈ ਸ਼ਾਇਰਾਨਾਂ ਸੋਚ ਸਦਕਾ ਜ਼ਮਾਨੇ ਦੇ ਹੱਥ ਵਿੱਚ ਕਿਤਾਬ ਦੀ ਸਿਰਜਣਾ ਦੀ ਗੱਲ ਕਰਦਾ ਹੈ।

ਇਸ ਕਾਵਿ-ਸੰਗ੍ਰਹਿ ਵਿੱਚ ਕੁਝ ਰਹੱਸਮਈ, ਰੁਮਾਂਸਵਾਦੀ, ਯਥਾਰਥਵਾਦੀ ਅਤੇ ਵਿਸਮਾਦਿਕ ਚਿੰਨ੍ਹਾਂ ਨਾਲ ਭਰਪੂਰ ਕਵਿਤਾਵਾਂ ਵੀ ਹਨ। ਕਮਲ ਕਕਰਾਲਾ ਦੀ ਕਵਿਤਾ 'ਅੱਲ੍ਹੜੇ ਧਰੇਕੇ' ਵਿੱਚ ਬਹੁਤ ਹੀ ਖ਼ੂਬਸੂਰਤ ਅੰਦਾਜ਼ ਵਿੱਚ 'ਮੁਟਿਆਰ ਦੀ ਜਵਾਨੀ', 'ਤੋਤਿਆਂ ਦੀ ਜੋੜੀ', 'ਲੰਗੜਾ

ਬਲੂੰਗੜਾ', 'ਮੱਕੜੀ ਦੇ ਜਾਲ' ਵਰਗੇ ਬਿੰਬਾਂ ਨਾਲ ਪ੍ਰਾਕ੍ਰਿਤਿਕ ਰੋਮਾਂਸ ਨੂੰ ਸਿਰਜਿਆ ਗਿਆ ਹੈ। ਵਿਸ਼ਾਲ ਮੋਂਗਾ ਦਾ ਯਥਾਰਥਵਾਦ 'ਗੰਗਾ' ਵਿੱਚ ਪਵਿੱਤਰ ਪਾਣੀਆਂ ਨਾਲ ਪਾਪ ਧੋਤੇ ਜਾਣ ਨੂੰ ਇਤਿਹਾਸ ਦੇ ਪੈਰੋਕਾਰਾਂ ਦੀਆਂ ਸ਼ਹਾਦਤਾਂ ਨਾਲ ਜਿਵੇਂ ਕਿ 'ਈਸਾ ਸੂਲੀ ਨਾ ਚੜ੍ਹਦਾ', 'ਚਮਕੌਰ ਦੀ ਗੜ੍ਹੀ ਲਾਲ ਨਾ ਹੁੰਦੀ' ਨਾਲ ਟਾਕਰਾ ਕਰਵਾਉਂਦਾ ਹੈ। ਉਸਦਾ ਤਿੱਖਾ ਪ੍ਰਤੀਕਰਮ ਪਾਰਲੀਮੈਂਟ ਦੀ ਨਾਟਕੀ ਬਹਿਸ ਦਾ ਮਜ਼ਾਕ ਉਡਾਉਂਦਾ ਆਮ ਆਦਮੀ ਦੇ ਸੁਫ਼ਨਿਆਂ ਦੀ ਗੱਲ ਕਰਦਾ ਹੈ, ਜਿਸ ਵਿੱਚ ਸਿਰਫ਼ ਤੇ ਸਿਰਫ਼ ਦੋ ਰੋਟੀਆਂ ਘੁੰਮਦੀਆਂ ਨੇ ਤੇ ਰਹਿਣ ਲਈ ਘਰਾਂ ਦੀ ਮਹਿਸੂਸ ਹੁੰਦੀ ਹੈ।

ਸੰਗ੍ਰਹਿ ਦੇ ਅੰਤ ਵਿੱਚ ਗੁਰਪ੍ਰੀਤ ਮਾਨ ਦਾ ਬਹੁਤ ਹੀ ਭਾਵਪੂਰਕ ਰਹੱਸਵਾਦ ਹੈ ਜਿਵੇਂ ਕਿ

ਚੰਨ ਨਦੀ ਵਿੱਚ ਦਿਸੇ ਖਰਦਾ ਨਹੀਂ ਹੈ

ਅਤੇ

ਓ ਮੇਰੇ ਸਾਂਵਲੇ ਚੰਨਾ, ਜ਼ਰਾ ਜਿਹਾ ਰਾਹ ਦੇ ਲੰਘਣ ਨੂੰ
ਕਿ ਮੈਂ ਅਟਕ ਗਿਆ ਹਾਂ, ਤੇਰੀ ਚੁੰਨੀ ਦੇ ਪੱਲੇ ਨਾਲ।

ਕਵਿਤਾ 'ਸਿਰਨਾਵੇਂ' ਹਰ ਇੱਕ ਕਰਮਸ਼ੀਲ ਦੀ ਖੋਜ ਲਈ ਦਾਰਸ਼ਨਿਕ ਸੁਨੇਹਾ ਹੈ।

ਸ਼ਾਮ ਢਲੀ 'ਤੇ ਲੱਭਣ ਤੁਰ ਪਏ, ਸਭ ਆਪਣੇ ਸਿਰਨਾਵੇਂ
ਸਾਡੇ ਨਾਲੋਂ ਲੰਮੇ ਹੋ ਗਏ, ਸਾਡੇ ਹੀ ਪਰਛਾਵੇਂ।

ਕਾਵਿ-ਛੱਲਾਂ ਲਈ ਉਪਰਾਲਾ ਕਰਨ ਵਾਲੇ ਸਾਰੇ ਨੌਜਵਾਨਾਂ ਨੂੰ ਇਸ ਉੱਦਮ ਲਈ ਬਹੁਤ-ਬਹੁਤ ਵਧਾਈ ਤੇ ਦਿਲੀ ਦੁਆਵਾਂ।

ਡਾ. ਕੁਲਬੀਰ ਕੌਰ

## ਸੰਪਾਦਕੀ

ਆਮ ਲੋਕਾਂ ਨੂੰ ਪੰਜਾਬੀ ਸਾਹਿਤ ਨਾਲ ਜੋੜਨ ਦੇ ਟੀਚੇ ਨੂੰ ਲੈ ਕੇ ਅਣਥੱਕ ਮਿਹਨਤ ਕਰ ਰਹੀ 'ਪੰਜਾਬੀ ਕਮਿਊਨਿਟੀ' ਜਿੱਥੇ ਲੋਕਾਂ ਤੋਂ ਮਿਲੇ ਹੁੰਗਾਰੇ ਲਈ ਸ਼ੁਕਰਗੁਜ਼ਾਰ ਹੈ, ਉਸ ਦੇ ਨਾਲ ਨਾਲ ਆਪਣੀ ਵਧ ਚੁੱਕੀ ਜ਼ਿੰਮੇਵਾਰੀ ਦਾ ਅਹਿਸਾਸ ਕਰਦੇ ਹੋਏ ਹੋਰ ਵੀ ਨਿਰੋਲ ਸਾਹਿਤ ਪੰਜਾਬੀ ਮਾਂ-ਬੋਲੀ ਦੀ ਝੋਲੀ ਪਾਉਣ ਲਈ ਵਚਨਬੱਧ ਹੈ। ਆਧੁਨਿਕ ਤਕਨੀਕ ਦਾ ਪੂਰਾ ਪੂਰਾ ਲਾਹਾ ਲੈਂਦੇ ਹੋਏ ਪੰਜਾਬੀ ਕਮਿਊਨਿਟੀ ਨੇ ਕਈ ਨਵੇਂ ਹਰਫਨਮੌਲਾ ਕਲਮਕਾਰਾਂ ਨੂੰ ਇੱਕ ਸਾਂਝੇ ਸਾਹਿਤਿਕ ਅਤੇ ਸਮਾਜਿਕ ਮੰਚ 'ਤੇ ਲਿਆ ਖੜ੍ਹਾ ਕੀਤਾ ਹੈ। ਮਨਾਂ ਅੰਦਰ ਪੰਜਾਬ 'ਤੇ ਪੰਜਾਬੀਅਤ ਦੀ ਇੱਕਜੁੱਟ ਹੋ ਕੇ ਸੇਵਾ ਕਰਨ ਦੇ ਸੁਫ਼ਨੇ ਅਤੇ ਚਾਅ ਲੈ ਕੇ ਇੱਕੋ ਰਾਹ 'ਤੇ ਨਾਲ ਨਾਲ ਤੁਰਦਿਆਂ ਪੰਜਾਬੀ ਕਮਿਊਨਿਟੀ ਨਾਲ ਜੁੜੇ ਸਾਰੇ ਦੇ ਸਾਰੇ ਮੈਂਬਰਾਂ ਨੇ ਕਿਸੇ ਨਾ ਕਿਸੇ ਰੂਪ ਵਿਚ ਆਪਣਾ ਯੋਗਦਾਨ ਪਾਇਆ ਹੈ। ਭਾਵੇਂ ਉਹ ਆਪਣੀਆਂ ਰਚਨਾਵਾਂ ਰਾਹੀਂ ਲਿਆਂਦੀ ਗਈ ਸਮਾਜਿਕ ਜਾਗਰੂਕਤਾ ਹੋਵੇ ਜਾਂ ਫਿਰ ਸਮਾਜਿਕ ਬੁਰਾਈਆਂ ਨਾਲ ਚਲ ਰਹੀ ਨਿਰੰਤਰ ਜੰਗ ਵਿਚ ਨਿੱਜੀ ਤੌਰ 'ਤੇ ਪਾਇਆ ਗਿਆ ਯੋਗਦਾਨ, ਇਸ ਸੰਸਥਾ ਦੇ ਸਾਰੇ ਦੇ ਸਾਰੇ ਮੈਂਬਰ ਹਮੇਸ਼ਾਂ ਹੀ ਪਹਿਲ ਕਰਦਿਆਂ ਦਿਖੇ ਹਨ।

ਪੰਜਾਬੀ ਸਾਹਿਤ ਦੀ ਪ੍ਰਫੁੱਲਤਾ ਦਾ ਸੁਫ਼ਨਾ ਸੰਜੋਣ ਵਾਲੇ ਇਹਨਾਂ ਸ਼ੁਭ-ਚਿੰਤਕ ਲੇਖਕਾਂ ਨੂੰ ਇੱਕੋ ਮੰਚ 'ਤੇ ਪੇਸ਼ ਕਰਨ ਦਾ ਇਹ ਸਾਡਾ ਇੱਕ ਹੋਰ ਉਪਰਾਲਾ ਹੈ। ਪੰਜਾਬੀ ਸਾਹਿਤ ਦੀ ਸੇਵਾ ਕਰਨ ਦੀਆਂ ਸਾਡੀਆਂ ਪਹਿਲੀਆਂ ਕੋਸ਼ਿਸ਼ਾਂ ਨੂੰ ਜਿਸ ਤਰ੍ਹਾਂ ਤੁਸੀਂ ਹੁੰਗਾਰਾ ਦਿੱਤਾ, ਉਸ ਤੋਂ ਉਤਸ਼ਾਹਿਤ ਹੋ ਕੇ ਅਸੀਂ ਇਹ ਹਥਲੀ ਕਿਤਾਬ 'ਕਾਵਿ-ਛੱਲਾਂ' ਤੁਹਾਡੇ ਸਨਮੁਖ ਲੈ ਕੇ ਹਾਜਿਰ ਹਾਂ। ਇਸ ਪੁਸਤਕ ਰਾਹੀਂ ਅਸੀਂ ਨਵੀਆਂ ਕਲਮਾਂ ਨੂੰ ਇਕ ਮੰਚ 'ਤੇ ਇੱਕ ਮੌਕਾ ਦੇਣ ਦੀ ਜੋ ਪਿਰਤ ਪਾਈ ਸੀ, ਉਸੇ ਉਦੇਸ਼ ਨੂੰ ਇਸ ਵਾਰ ਵੀ ਸਾਰਥਕ ਕਰਨ ਦੀ ਕੋਸਿਸ਼ ਕੀਤੀ ਹੈ। ਇਹ ਕਿਤਾਬ ਜਿੱਥੇ ਇਨਸਾਨੀ ਮਨ ਦੇ ਕੋਮਲ ਜਜ਼ਬਿਆਂ ਦੀ ਬਾਤ ਪਾਉਂਦੀ ਹੈ, ਉਥੇ ਆਪਣਾ ਦਾਇਰਾ ਕਲਪਨਾ ਤੋਂ ਹਕੀਕਤ ਵੱਲ ਵੀ ਲੈ ਕੇ ਜਾਂਦੀ ਹੈ। ਨਿੱਜ ਤੋਂ ਪਰ ਤਕ ਦਾ ਸਫ਼ਰ ਤੈਅ ਕਰਦੀ ਇਹ ਕਿਤਾਬ ਸਮਾਜਿਕ ਸਮੱਸਿਆਵਾਂ ਦੀ ਬਾਤ ਹੀ ਨਹੀਂ ਪਾਉਂਦੀ, ਸਗੋਂ ਉਹਨਾਂ ਦੇ ਹੱਲ ਵੱਲ ਵੀ ਇਸ਼ਾਰਾ ਕਰਦੀ ਹੈ। ਨਵੀਆਂ ਪਰ ਸੂਝਵਾਨ ਕਲਮਾਂ ਨੇ ਨਾ ਸਿਰਫ ਕਵਿਤਾ ਦੇ

ਅਕਸ ਨਾਲ ਹੀ ਨਿਆਂ ਕੀਤਾ ਹੈ ਸਗੋਂ ਕਵਿਤਾ ਦੀ ਰੂਹ ਨਾਲ ਵੀ ਪੂਰਾ ਪੂਰਾ ਇਨਸਾਫ਼ ਕੀਤਾ ਹੈ।

ਅੱਜ-ਕੱਲ੍ਹ ਜਿਥੇ ਅਸੀਂ ਰਿਸ਼ਤਿਆਂ ਦੇ ਤਾਣੇ-ਬਾਣੇ 'ਚ ਉਲਝਦੇ ਜਾ ਰਹੇ ਹਾਂ 'ਤੇ ਪਦਾਰਥਵਾਦ ਦੀ ਭੱਜ-ਦੌੜ 'ਚ ਇੰਨਸਾਨ ਇੱਕ ਮਸ਼ੀਨ ਬਣਕੇ ਰਹਿ ਗਿਆ ਹੈ ਉਥੇ ਅਜੋਕੀ ਪੀੜ੍ਹੀ ਦੇ ਮਨਾਂ 'ਤੇ ਐਸੇ ਕੋਮਲ ਜਜ਼ਬਾਤਾਂ ਦਾ ਪੁੰਗਰਨਾ ਪੰਜਾਬੀ ਸਾਹਿਤ ਲਈ ਇਕ ਚੰਗਾ ਸ਼ਗਨ ਹੀ ਕਿਹਾ ਜਾ ਸਕਦਾ ਹੈ। ਇਸ ਕਿਤਾਬ ਦੀ ਸੋਚ ਤੋਂ ਲੈ ਕੇ ਹੋਂਦ ਤੱਕ 'ਗੁਰਪ੍ਰੀਤ ਮਾਨ' ਜੀ ਨੇ ਬਹੁਤ ਵੱਡਾ ਯੋਗਦਾਨ ਪਾਇਆ ਹੈ। ਉਹਨਾਂ ਦੇ ਤਜਰਬੇ ਅਤੇ ਰਹਿਨੁਮਾਈ ਸਦਕਾ ਹੀ ਇਹ ਕਿਤਾਬ ਆਪਣੇ ਮੌਜੂਦਾ ਸਰੂਪ ਨੂੰ ਹਾਸਿਲ ਕਰ ਸਕੀ ਹੈ। ਇਸ ਤੋਂ ਇਲਾਵਾ ਪੰਜਾਬੀ ਪ੍ਰਤੀ ਅਤਿ ਮੋਹ ਰੱਖਣ ਵਾਲੇ ਨੌਜਵਾਨ 'ਜਗਤਾਰ ਸਿੰਘ ਦਿਓਲ' ਦਾ ਸਾਡੇ ਨਾਲ ਜੁੜਿਆ ਹੋਣਾ ਇੱਕ ਮਾਣ ਦੀ ਗੱਲ ਹੈ, ਉਸਨੇ ਹਰ ਪੱਖੋਂ ਇਸ ਕਿਤਾਬ ਨੂੰ ਆਪਣੇ ਅੰਜਾਮ ਤੱਕ ਪਹੁੰਚਾਉਣ ਦੇ ਸਾਡੇ ਸੁਫ਼ਨੇ ਨੂੰ ਆਪਣੇ ਅੱਖੀਂ ਹੰਢਾਇਆ ਹੈ। ਇਸਦੇ ਨਾਲ ਹੀ ਅਸੀਂ ਉਨ੍ਹਾਂ ਸਭ ਸਖ਼ਸ਼ੀਅਤਾਂ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਇਸ ਪੁਸਤਕ ਵਿੱਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਆਪਣਾ ਯੋਗਦਾਨ ਪਾਇਆ । ਆਸ ਹੈ ਕਿ ਪੰਜਾਬੀ ਸਾਹਿਤ ਦੇ ਸਮੁੰਦਰ 'ਚ ਹੁਲਾਰੇ ਲੈਂਦੀਆਂ ਸਾਡੀਆਂ ਇਹ ਛੋਟੀਆਂ-ਛੋਟੀਆਂ ਕਾਵਿ-ਛੱਲਾਂ, ਸੱਭਿਆਚਾਰ ਦੇ ਕੁਝ ਕੀਮਤੀ ਮੋਤੀ ਕਿਨਾਰੇ ਉੱਤੇ ਜ਼ਰੂਰ ਲੈ ਕੇ ਆਉਣਗੀਆਂ।

ਸੰਪਾਦਕੀ ਮੰਡਲ

ਰਵਿੰਦਰ ਜਹਾਂਗੀਰ

ਵਿਸ਼ਾਲ ਮੋਗਾ

# ਤਤਕਰਾ


(ੳ) ਰਵਿੰਦਰ ਜਹਾਂਗੀਰ (13-19)

ਮੈਂ ਮਿੱਟੀ ਦੇਸ਼ ਪੰਜਾਬ ਦੀ
ਇੱਕ ਚੰਨ ਦੀ ਟਿੱਕੀ
ਹਰਫ਼ ਰਸੀਦੀ
ਕੱਚੀਆਂ ਕੱਧਾਂ ਦਾ ਸੀਮੈਂਟ
ਅੱਗ ਦੇ ਪਰਛਾਵੇਂ
ਦੁਨੀਆਂ ਦੇ ਰੰਗ

(ਅ) ਪ੍ਰਿਤਪਾਲ ਕੌਰ ਹਲਵਾਰਵੀ (20-23)

ਸੰਵਾਦ ਰੱਬ ਨਾਲ
ਦੋ ਗੱਲਾਂ

(ੲ) ਸੁਖਰਾਜ ਮੌੜ (24-30)

ਗੁੰਮਨਾਮ ਔਰਤ
ਇਨਕਾਰ
ਮੰਜ਼ਿਲ
ਰੋਜ਼ ਵਾਂਗ
ਸਾਂਝ
ਸਵੀਕਾਰ

(ਸ) ਕਮਲ ਕਕਰਾਲਾ (31-32)

ਅੱਲ੍ਹੜੇ ਧਰੇਕੇ

(ਹ) ਚਰਨਜੀਤ ਰੰਧਾਵਾ (33-41)

ਵੇਸਵਾ ਦਾ ਢਾਬਾ
ਖ਼ਿਆਲ
ਵਿਦਾਈਆਂ
ਸੁਨਾਮੀ
ਕਮਲੀ
ਹਮਦਮ

(ਕ) ਬਲਜਿੰਦਰ ਕੌਰ (42-46)

ਸ਼ਾਇਦ
ਜਜ਼ਬਾਤਾਂ ਦੀ ਲੋਅ
ਪਰਦੇਸੀ
ਪਿਆਰ
ਰੀਝਾਂ

(ਖ) ਨੇਤਰਪਾਲ ਸਿੰਘ (47-48)

ਮਜਾਜਾਂ ਪੱਟੀ

(ਗ) ਜੱਸੀ ਗਿੱਲ (49-55)

ਮੈਨੂੰ ਕਮਜ਼ੋਰ ਨਾ ਸਮਝੋ

ਕਮਲੀ

ਹਮਸਫ਼ਰ

(ਘ) ਗੁਰਪ੍ਰੀਤ ਤੰਗੋਰੀ (56-57)

ਹਲਕੇ-ਫੁਲਕੇ ਖ਼ਿਆਲ

ਮੇਰਾ ਖ਼ਾਬ

(ਙ) ਪ੍ਰਿੰਸ ਕੋਚਰ (58-60)

ਮਰਜ਼ੀ ਤਾਂ ਰੱਬ ਦੀ

ਗੀਤ

(ਚ) ਜਗਤਾਰ ਸਿੰਘ ਦਿਓਲ (61-64)

ਕਿਤਾਬ ਦੀ ਆਤਮਕਥਾ

ਸੋਚਦਾ ਹਾਂ ਕਿਉਂ ?

(ਛ) ਵਿਸਾਲ ਮੋਂਗਾ (65-74)

ਗੰਗਾ

ਤੁਹਾਡੀਆਂ ਗੱਲਾਂ

ਭਾਫ਼ ਜਿਹਾ ਪਰਛਾਵਾਂ

ਜ਼ਿੰਦਗੀ

ਹੁਣ ਨਾ ਪਰਤੀਂ

(ਜ) ਗੁਰਪ੍ਰੀਤ ਮਾਨ (75-83)

ਅਗ਼ਜ਼ਲ

ਨਜ਼ਮ

ਇਬਾਦਤ

ਸਿਰਨਾਵੇਂ

ਇਕਰਾਰ ਦੀ ਕਵਿਤਾ

ਜਿੰਦਗੀ ਦੀ ਲੋਅ

**ਰਵਿੰਦਰ ਜਹਾਂਗੀਰ**
singhravinder1428@gmail.com

## ਮੈਂ ਮਿੱਟੀ ਦੇਸ਼ ਪੰਜਾਬ ਦੀ

ਮੈਂ ਮਿੱਟੀ ਦੇਸ਼ ਪੰਜਾਬ ਦੀ, ਮੇਰੇ ਕਣ ਕਣ ਵਿਚ ਪਿਆਰ,
ਮੇਰਾ ਰੰਗ ਸੰਧੂਰੀ ਸਾਂਵਲਾ, ਮੇਰੇ ਪਿਆਰੇ ਪੰਜ ਦੁਲਾਰ,
ਮੇਰੇ ਪੰਜ ਨੀਰਾਂ ਵਿੱਚ ਵੱਸਿਆ, ਮੇਰੇ ਦੇਸ਼ ਦਾ ਸਭਿਆਚਾਰ,
ਮੇਰੀਆਂ ਪੌਣਾਂ ਦੇ ਵਿਚ ਗੂੰਜਦੀ, ਕਈ ਹਾਸਿਆਂ ਦੀ ਛਣਕਾਰ ।

ਮੇਰੀ ਕੁੱਖੋਂ ਜਾਏ ਸੁਲੱਖਣੇ, ਗੁਰੂ ਨਾਨਕ ਜਿਹੇ ਅਵਤਾਰ,
ਮੈਂ ਗੁਰੂ ਗੋਬਿੰਦ ਨੂੰ ਪਾਲਿਆ, ਜੋ ਦਾਨੀ ਅਪਰਮਪਾਰ,
ਮੇਰੀ ਗੋਦ ’ਚ ਰਚੀਆਂ ਬਾਣੀਆਂ, ਜੀਵਨ ਸੂਤਰਧਾਰ,
ਇਕ ਸ਼ੇਰ ਮੇਰੇ ਰਣਜੀਤ ਨੇ, ਮੈਨੂੰ ਦਿੱਤਾ ਰੂਪ ਸਾਕਾਰ,
ਮੈਂ ਮਿੱਟੀ ਦੇਸ਼ ਪੰਜਾਬ ਦੀ.... ।

ਮੇਰੀ ਖਾਤਿਰ ਅਣਖੀ ਸੂਰਮੇ, ਗਏ ਹੱਸ ਹੱਸ ਜਾਨਾਂ ਵਾਰ,
ਉਹਨਾਂ ਚੁੰਮਿਆ ਰੱਸਾ ਮੌਤ ਦਾ, ਉਹ ਭਗਤ ਸਿੰਘ, ਕਰਤਾਰ,
ਲਿਆ ਬਦਲਾ ਊਧਮ ਸਿੰਘ ਨੇ, ਜਾ ਸੱਤ ਸਮੁੰਦਰੋਂ ਪਾਰ,
ਮੇਰੇ ਖ਼ੂਨ ਦਾ ਮੇਰੇ ਯੋਧਿਆਂ, ਫਿਰ ਦਿੱਤਾ ਕਰਜ ਉਤਾਰ,
ਮੈਂ ਮਿੱਟੀ ਦੇਸ਼ ਪੰਜਾਬ ਦੀ....।

ਮੇਰੇ ਸੀਨੇ ਜ਼ਖ਼ਮ ਨੇ ਅੱਲੜੇ, ਮੇਰੇ ਕੀਤੇ ਦੋ ਦੋ ਫਾੜ,
ਮੇਰੇ ਕਿਰ ਕਿਰ ਹੰਝੂ ਮੁੱਕ ਗਏ, ਮੇਰੇ ਵਿਛੜੇ ਪੰਜ ਪਿਆਰ,
ਮੈਨੂੰ ਸ਼ਿਵ ਦਿਆਂ ਗੀਤਾਂ ਟੁੰਬਿਆ, ਮੈਂ ਉਸਦੀ ਸੁਣੀ ਪੁਕਾਰ,
ਮੈਨੂੰ ਚੁੱਕ ‘ਰਵਿੰਦਰ’ ਚੁੰਮਦਾ, ਮੇਰਾ ਕਰਦਾ ਏ ਸਤਿਕਾਰ,
ਮੈਂ ਮਿੱਟੀ ਦੇਸ਼ ਪੰਜਾਬ ਦੀ....।

# ਇਕ ਚੰਨ ਦੀ ਟਿੱਕੀ

ਆਜਾ ਮੇਰੇ ਸੁਪਨਿਆ, ਹਕੀਕਤ ਦੇ ਵਿਹੜੇ,
ਮੈਂ ਵੀ ਰੱਜ ਕੇ ਮਾਣ ਲਾਂ, ਤੈਨੂੰ ਹੋ ਕੇ ਨੇੜੇ ।

ਨੀਂਦ ਦੀ ਚਾਦਰ ਤਾਣ ਕੇ, ਮੇਰੇ ਹਾਸੇ ਸੁੱਤੇ,
ਉੱਠਣ ਉਮਗੀਂ ਨੀਂਦ 'ਚੋਂ, ਦੋ ਬੋਲ ਜੇ ਕੇਰੇਂ ।

ਮੈਂ ਵੀ ਸੁਣਨਾ ਲੋਚਦਾਂ, ਤੇਰੇ ਮਿੱਠੜੇ ਹਾਸੇ,
ਕਿੰਝ ਹਕੀਕਤ ਬਦਲਦੇ, ਨੇ ਸਾਕ ਸਹੇੜੇ ।

ਬੜੀਆਂ ਰਾਤਾਂ ਜਾਗ ਕੇ, ਇਹ ਦੌਲਤ ਖੱਟੀ,
ਖੁੱਲੀ ਅੱਖ ਦੇ ਸੁਫ਼ਨੇ, ਤੇਰੇ ਲਈ ਮੇਰੇ ।

ਉਮਰਾਂ ਦੀ ਕਰ ਚਾਕਰੀ, ਤੇਰੇ ਨਾਜ਼ ਉਠਾਵਾਂ,
ਸੁੰਨ ਬਰੂਹੀਂ ਲੈ ਕੇ ਆ, ਤੂੰ ਖੁਸ਼ੀਆਂ ਖੇੜੇ ।

ਵਿਚ ਪੰਘੂੜੇ ਖੇਡਦੀ, 'ਇਕ ਚੰਨ ਦੀ ਟਿੱਕੀ',
ਅੰਬਰਾਂ ਦਾ ਚੰਨ ਤੱਕਦਾ, ਹੋ ਧਰਤੀ ਨੇੜੇ ।

ਆਜਾ ਮੇਰੇ ਸੁਫ਼ਨਿਆ, ਤੂੰ ਸ਼ੀਸ਼ਾ ਬਣ ਜਾ,
ਤੇਰੇ ਵਿੱਚੋਂ ਦਿਸ ਪੈਣ, ਪਰਛਾਵੇਂ ਮੇਰੇ ।

ਜਿੰਦ ਮੇਰੀ ਦੇ ਨੈਣੀਂ, ਬਣ ਪ੍ਰਾਹੁਣਾ ਆਵੀਂ,
ਬਣ ਪਹਿਚਾਣ ਤੂੰ ਲੱਗ ਜਾ, ਹੋਂਦ ਦੇ ਚਿਹਰੇ ।

ਖੜਾ 'ਰਵਿੰਦਰ' ਤੱਕਦਾ, ਇਹ ਸੁੰਨੀਆਂ ਰਾਹਵਾਂ,
ਖੌਰੇ ਨਿਸ਼ਾਂ ਹੀ ਲੱਭ ਜਾਣ, ਪੈੜਾਂ ਦੇ ਤੇਰੇ ।

## ਹਰਫ਼ ਰਸੀਦੀ

ਕਦੇ ਕਦੇ ਦਿਲ ਕਰਦਾ ਏ, ਮੱਚ ਆਪਣੀ ਅੱਗ ਵਿਚ ਸੜ ਜਾਵਾਂ,
ਕਦੇ ਕਦੇ ਦਿਲ ਕਰਦਾ ਏ, ਹੱਥ ਸੂਰਜ ਫੜ ਕੇ ਖੜ ਜਾਵਾਂ ।

ਕੁਝ ਸਖ਼ਸ਼ ਨੇ ਪਰ ਸਨਮੁਖ ਖੜੇ, ਹੱਕ ਆਪਣਾ ਮੰਗਦੇ ਨੇ,
ਇਸ ਵਕਤ ਕਰੇਂਦਾ ਦਿਲ ਮੇਰਾ, ਇਹਨਾਂ ਲਈ ਜ਼ਿੰਦਗੀ ਹਰ ਜਾਵਾਂ ।

ਅਮਰ ਜਹਾਨੇ ਹੰਸਾ ਦਾ ਜੋੜਾ, ਤੜਫ਼ ਤੜਫ਼ ਕੇ ਮਰ ਰਿਹਾ,
ਹੈ ਮੁਹੱਬਤ ਵਰ ਝੂਠਾ ਤੇਰਾ, ਬੋਲ ਸਰਾਪਿਆ ਕਰ ਜਾਵਾਂ ।

ਇਹ ਕੈਸੀ ਪਾਈ ਪ੍ਰੀਤ ਪਰਾਈ, ਮੇਰਾ ਸੀਨਾ ਛਲਣੀ ਕਰ ਦਿੱਤਾ,
ਤੂੰ ਹਰਫ਼ ਉਕਾਰੇ ਜਿਸਮਾਂ ’ਤੇ, ਦਿਲ ਕੋਰਾ ਲੈ ਕਿਸ ਦਰ ਜਾਵਾਂ ।

ਮੇਰੇ ਮਹਿਰਮ ਤੂੰ ਮੁਜਰਿਮ ਨਹੀਂ, ਗਲਤੀ ਤਾਂ ਸਭ ਮੇਰੀ ਹੈ,
ਮੈਂ ਸਾਹ ਉਧਾਰੇ ਲੈਂਦਾ ਹਾਂ, ਕਿੰਝ ਸੌਦਾ ਚੁਕਤਾ ਕਰ ਜਾਵਾਂ ।

ਉਹ ਪਲ ਖ਼ਜ਼ਾਨਾ ਬਣ ਚੁੱਕਿਆ, ਤੂੰ ਅਲਵਿਦਾ ਜਦ ਬੋਲ ਗਿਆ,
ਪੱਥਰ ਬਣਿਆ ਏਸ ਕਦਰ, ਹਰ ਗ਼ਮ ਨੂੰ ਸੀਨੇ ਜਰ ਜਾਵਾਂ ।

ਹੁਣ ਵਕਤ ‘ਰਵਿੰਦਰ’ ਅਮਲਾਂ ਦਾ, ਹੁਣ ਜਿੰਦ ਵੇਚਣੀ ਪੈਣੀ ਏ,
ਕੁਝ ਮੰਗ ਤਾਂ ਸਹੀ ਬੇਦਰਦਾ, ਮੈਂ ਹਰਫ਼ ਰਸੀਦੀ ਕਰ ਜਾਵਾਂ ।

## ਕੱਚੀਆਂ ਕੰਧਾਂ ਦਾ ਸੀਮੈਂਟ

ਮੈਂ ਕਿੰਨਾ ਕੁ ਵਿਖਾਵਾ ਕਰਾਂ
ਪੱਥਰ ਦਿਲ ਹੋਣ ਦਾ,
ਖੋਖਲਾ ਹਾਂ ਬਿਲਕੁਲ
ਦਿਲ ਤਾਂ ਪਤਾ ਨਹੀਂ
ਪਹਿਲਾਂ ਹੀ ਕਿਵੇਂ ਧੜਕਦਾ ਹੈ,
ਐਨੀਆਂ ਚੋਟਾਂ ਖਾ ਕੇ ਵੀ
ਕੁਝ ਮਜਬੂਰੀਆਂ ਨੇ,
ਇਸ ਨੂੰ ਇੱਕ ਕਵਚ ਬਣਾਕੇ ਦਿੱਤਾ ਸੀ
ਜਿਸਨੂੰ ਲੋਕ ਪੱਥਰ ਕਹਿੰਦੇ ਨੇ
ਮੈਂ ਕੀ ਕਹਾਂ...?
ਕੱਚੀਆਂ ਕੰਧਾਂ ਦਾ ਸੀਮੈਂਟ...!
ਜਦ ਕੰਧਾਂ ਹੀ ਖੋਖਲੀਆਂ ਨੇ
ਤਾਂ ਇਸ ਕਵਚ ਦਾ ਕੀ ਵਜੂਦ
ਅੱਜ ਸਬਰ ਦਾ ਬੰਨ੍ਹ ਟੁੱਟਿਆ
ਸਭ ਕੁਝ ਰੋੜ ਕੇ ਲੈ ਗਿਆ
ਕੱਚੀਆਂ ਕੰਧਾਂ ਦੀ ਮਿੱਟੀ ਵੀ
ਤੇ ਇਸਦੇ ਪਹਿਰੇਦਾਰ ਵੀ
ਅਤੇ...
ਮੈਨੂੰ ਅਹਿਸਾਸ ਕਰਾ ਗਿਆ ਕਿ
ਕਿੰਨਾ ਖੋਖਲਾ ਹਾਂ ਮੈਂ
ਕਿੰਨਾ ਸੱਖਣਾ ਹਾਂ ਮੈਂ !

## ਸੀਨੇ ਵਿਚ ਬਲਦੀ ਅੱਗ ਦੇ ਪਰਛਾਵੇਂ

ਕਦੇ ਸੁਣਿਆ ਸੀ ਕਿ
ਸੀਨੇ ਵਿਚ ਬਲਦੀ ਅੱਗ ਦੇ
ਪਰਛਾਵੇਂ ਨਹੀਂ ਹੁੰਦੇ ।

ਅੱਜ ਤੱਕਦਾ ਹਾਂ
ਕਿ ਇਹ ਗੱਲ
ਮੇਰੇ 'ਤੇ ਕਿਉਂ ਨਹੀਂ ਢੁਕਦੀ

ਕਿਉਂ ਮੈਨੂੰ ਬਿਸਤਰ ਦੀਆਂ ਸਿਲਵਟਾਂ 'ਚ
ਰਾਤ ਭਰ ਦੀਆਂ ਉਲਝਣਾਂ ਦਾ
ਪਰਛਾਵਾਂ ਦਿਸਦਾ ਹੈ

ਕਿਉਂ ਮੈਨੂੰ ਆਪਣੀਆਂ ਅੱਖਾਂ ਦੀ ਲਾਲੀ 'ਚ
ਤਿੜਕੇ ਹੋਏ ਸੁਫ਼ਨਿਆਂ ਦਾ
ਅਕਸ ਨਜ਼ਰ ਆਉਂਦਾ ਏ,

ਅਤੇ ਕਿਉਂ ਮੈਨੂੰ ਆਪਣੀ ਕਵਿਤਾ ਦੇ ਅੱਖਰਾਂ 'ਚੋਂ
ਗ਼ੈਰ ਮਜਲੂਮਾਂ ਦੇ ਅੱਥਰੂ
ਵਗਦੇ ਦਿਸਦੇ ਨੇ
ਪਤਾ ਨਹੀਂ ਕਿਉਂ ਮੇਰੇ ਸੀਨੇ 'ਚ ਬਲਦੀ ਅੱਗ 'ਤੇ
"ਅਮ੍ਰਿਤਾ" ਦੇ ਕਹੇ ਬੋਲ
ਨਹੀਂ ਢੁਕਦੇ ।

ਸਮਝ ਨਹੀਂ ਆਉਂਦੀ, ਆਖਿਰ ਮੈਨੂੰ ਹੀ ਕਿਉਂ
ਮੇਰੀ ਅੱਗ ਦੇ
ਪਰਛਾਵੇਂ ਨਜ਼ਰ ਆਉਂਦੇ ਨੇ ।

## ਦੁਨੀਆਂ ਦੇ ਰੰਗ

ਦੁਨੀਆਂ 'ਚ ਦਰਦਾਂ ਦੇ ਮਾਰੇ ਵੀ ਬਹੁਤ ਨੇ,
ਇਥੇ ਪਰ ਜ਼ਿੰਦਗੀ ਤੋਂ ਹਾਰੇ ਵੀ ਬਹੁਤ ਨੇ ।

ਪੇਟ ਦਾ ਸਵਾਲ ਪਹਿਲਾਂ, ਸੌਖਾ ਨਹੀਂਓ ਹੱਲ ਹੁੰਦਾ,
ਰੋਟੀ ਰੁਜ਼ਗਾਰ ਦੇ ਲਿਤਾੜੇ ਵੀ ਬਹੁਤ ਨੇ ।

ਸ਼ੋਹਰਤਾਂ ਨੂੰ ਲੋਚਦੇ ਕਈ ਦੁਨੀਆਂ ਤੋਂ ਤੁਰ ਗਏ,
ਕਿਸਮਤ ਨੇ ਅੰਬਰਾਂ 'ਤੇ ਚਾੜ੍ਹੇ ਵੀ ਬਹੁਤ ਨੇ ।

ਦੌਲਤਾਂ ਦਾ ਨਿੱਘ ਮਾਣ ਪੈਸਿਆਂ ਤੇ ਸੌਂਵਦੇ ਜੋ,
ਰੱਜੇ ਨਹੀਂ ਲਾਲਚਾਂ ਦੇ ਸਾੜ੍ਹੇ ਵੀ ਬਹੁਤ ਨੇ ।

ਪਿਆਰ ਦਿਆਂ ਜ਼ਖ਼ਮਾਂ ਨੂੰ ਸੀਨੇ ਵਿਚ ਦੱਬੀ ਬੈਠੇ,
ਇਸ਼ਕੇ ਦੇ ਲੁੱਟੇ ਅਤੇ ਮਾਰੇ ਵੀ ਬਹੁਤ ਨੇ ।

ਫੁੱਲਾਂ ਨਾਲ ਰਹਿ ਕੇ ਕਈ ਕਰਦੇ ਸ਼ਿਕਾਇਤਾਂ ਰਹਿੰਦੇ,
ਜ਼ਿੰਦਗੀ 'ਚ ਐਪਰ ਅੰਗਿਆਰੇ ਵੀ ਬਹੁਤ ਨੇ ।

ਵੰਨ-ਸੁਵੰਨੇ ਰੰਗਾਂ ਦੀ ਏ ਦੁਨੀਆਂ 'ਰਵਿੰਦਰਾ',
ਕਈ ਰੰਗ ਫਿੱਕੇ ਨੇ ਤੇ ਗਾੜ੍ਹੇ ਵੀ ਬਹੁਤ ਨੇ ।

ਪ੍ਰਿਤਪਾਲ ਕੌਰ ਹਲਵਾਰਵੀ
pk-halwarvi@hotmail.com

## ਸੰਵਾਦ...ਰੱਬ ਨਾਲ

ਧਰਤ, ਆਕਾਸ਼, ਸਮੁੰਦਰ, ਜੰਗਲ, ਜਲ-ਥਲ ਵਿਚ ਸਮਾਇਆ ਤੂੰ ।
ਅੰਦਰ-ਬਾਹਰ ਪਸਾਰਾ ਤੇਰਾ, ਕਣ-ਕਣ ਦੇ ਵਿਚ ਭਾਇਆ ਤੂੰ ।

ਰਲ-ਮਿਲ ਰਹਿਣਾ, ਰਲ-ਮਿਲ ਖਾਣਾ, ਬਾਰੰਬਾਰ ਸਿਖਾਇਆ ਤੂੰ ।
ਏਕ ਪਿਤਾ, ਏਕਸ ਕੇ ਬਾਰਕ, ਐਸਾ ਪਾਠ ਪੜ੍ਹਾਇਆ ਤੂੰ ।

ਮੇਰਾ ਕੁਝ ਨਹੀਂ, ਸਭ ਕੁਝ ਤੇਰਾ, ਹਰ ਦਮ ਇਹ ਸਮਝਾਇਆ ਤੂੰ ।
ਬੰਦਾ ਆਖੇ, ਮੇਰਾ ਮੇਰਾ, ਕਿਓਂ ਐਦਾਂ ਭਰਮਾਇਆ ਤੂੰ ।

ਬੰਦਿਓ ! ਬੰਦੇ ਬਣ ਕੇ ਰਹਿਣਾ ! ਗੁਰੂਆਂ ਤਾਈਂ ਕਹਾਇਆ ਤੂੰ ।
ਬਣ ਕੇ ਫਿਰਦੇ ਸੱਪ ਨਿਓਲੇ, ਇਹ ਕੀ ਖੇਲ ਰਚਾਇਆ ਤੂੰ ।

ਮੈਂ ਵੱਡਾ, ਮੇਰਾ ਨਾਓਂ ਵੀ ਵੱਡਾ, ਵੱਡੀ ਮੇਰੀ ਹਸਤੀ ਏ ।
ਹੋਰ ਕਿਸੇ ਨੂੰ ਕੁਝ ਨਾ ਜਾਣਾਂ, ਕੇਹਾ ਜਾਲ ਵਿਛਾਇਆ ਤੂੰ ।

ਜੇ ਮੈਂ ਤੂੰ ਹਾਂ, ਤੇ ਤੂੰ ਮੈਂ ਹਾਂ, ਅੰਤਰ ਕੁਝ ਤਾਂ ਪਾਇਆ ਤੂੰ ।
ਆਤਮਾ ਤੇ ਪ੍ਰਮਾਤਮਾ ਇਕ ਨੇ, ਭਰਮ ਭੁਲੇਖਾ ਪਾਇਆ ਤੂੰ ।

ਕਦੇ ਤਾਂ ਗੁੰਝਲਦਾਰ ਇਹ ਜਾਪੇ, ਲੱਗੇ ਕਦੇ ਗੱਲ ਸੌਖੀ ਏ ।
ਸਹਿਜ ਅਵਸਥਾ ਕੀਕਰ ਪਾਵਾਂ, ਸੁਖ ਨਾਲ ਦੁਖ ਰਲਾਇਆ ਤੂੰ ।

ਸਵਰਗ ਵੀ ਐਥੇ ਨਰਕ ਵੀ ਐਥੇ, ਕਰਮ ਹੈ ਚੰਗੇ ਮੰਦੇ ਦਾ ।
ਪਾਪ-ਪੁੰਨ ਦਾ ਗੇੜ ਚਲਾ ਕੇ, ਆਪਸ ਵਿਚ ਉਲਝਾਇਆ ਤੂੰ ।

ਤੇਰਾ-ਮੇਰਾ ਕਰਦਾ ਬੰਦਾ, ਧਰਤ ਤੇਰੀ ਨੂੰ ਵੰਡਦਾ ਜਾਵੇ ।
ਪਾਣੀ ਵੰਡੇ, ਹਵਾ ਵੀ ਵੰਡੇ, ਤੈਨੂੰ ਵੀ ਇਹ ਵੰਡਦਾ ਜਾਵੇ ।

ਹਉਮੇਂ ਸਿਰ ਤੇ ਚੜ੍ਹ ਕੇ ਬੋਲੇ, ਨਫ਼ਰਤ ਤੋੜੇ ਬੰਦਿਆਂ ਨੂੰ ।
ਰੱਬਾ ਪਿਆਰ ਦਾ ਮੀਂਹ ਵਰ੍ਹਾ ਦੇ, ਪਿਆਰ ਹੀ ਜੋੜੇ ਬੰਦਿਆਂ ਨੂੰ ।

## ਦੋ ਗੱਲਾਂ

ਆ ਬੈਠ ਜਰਾ ਦੋ ਗੱਲਾਂ ਕਰੀਏ, ਕੁਝ ਬਾਤਾਂ ਪਾਈਏ,
ਛੱਡ ਦੁਨੀਆਦਾਰੀ! ਜਰਾ ਹੱਸੀਏ ਹਸਾਈਏ ।

ਬਿਨ ਬੋਲੇ ਮਨ ਅੰਦਰ ਪੂਜੀਏ, ਨਿਆਮਤਾਂ ਦਾ ਸ਼ੁਕਰ ਮਨਾਈਏ।
ਵਿਛੜਿਆਂ ਨੂੰ ਫੇਰ ਮਿਲਾਈਏ, ਰੋਂਦੇ ਹੋਏ ਨੂੰ ਖਿੜ-ਖਿੜਾਈਏ ।
ਆ ਬੈਠ ਜਰਾ ਦੋ ਗੱਲਾਂ ਕਰੀਏ...।

ਆ, ਅੱਜ ਆਪਾਂ ਵੀ ਕੁਝ ਚੰਗਾ ਕਰੀਏ ।
ਜਿਉਂਦੇ ਹੁਣ ਤਕ ਆਪਣੀ ਖ਼ਾਤਰ, ਦੂਜਿਆਂ ਲਈ ਅੱਜ ਜਾਨ ਗਵਾਈਏ ।
ਆ ਬੈਠ ਜਰਾ ਦੋ ਗੱਲਾਂ ਕਰੀਏ...।

ਝੂਠੀ ਜਹੀ ਜ਼ਿੰਦਗੀ ਛੱਡ ਕੇ, ਸੱਚੀ ਕੋਈ ਕਮਾਈ ਕਰੀਏ।
ਭੁੱਖੇ ਮੂੰਹ ਵਿਚ ਦਾਨਾ ਪਾ ਕੇ, ਖਾਤਾ ਆਪਣਾ ਚਾਲੂ ਕਰੀਏ।
ਆ ਬੈਠ ਜਰਾ ਦੋ ਗੱਲਾਂ ਕਰੀਏ...।

'ਮੈਂ', 'ਤੂੰ' ਤੇ 'ਓਹ', ਸਭ ਕੌਣ ਹਾਂ ? ਜਰਾ ਚਿੰਤਨ ਕਰੀਏ ।
"ਏਕ ਪਿਤਾ ਏਕਸ ਕੇ ਬਾਰਕ", ਦੁਖ-ਸੁਖ ਸਾਰੇ ਸਾਂਝੇ ਕਰੀਏ ।
ਆ ਬੈਠ ਜਰਾ ਦੋ ਗੱਲਾਂ ਕਰੀਏ...।

ਜਾਮਾ ਪਾ ਕੇ ਬੰਦਿਆਂ ਵਾਲਾ, ਬੰਦਿਆਂ ਵਾਲੇ ਕਰਮ ਵੀ ਕਰੀਏ ।
ਵਿਵੇਕ ਤੇ ਬੁੱਧੀ ਮਿਲੇ ਜੋ ਸਾਨੂੰ ਚਲ ਇਨ੍ਹਾਂ ਨੂੰ ਸਾਰਥਕ ਕਰੀਏ।
ਆ ਬੈਠ ਜਰਾ ਦੋ ਗੱਲਾਂ ਕਰੀਏ...।

ਉਪਰ ਲੈ ਅਸਮਾਨੀਂ ਚੱਦਰ, ਬੀਜ ਪਿਆਰ ਦੇ ਧਰਤੀ ਪਾਈਏ ।
ਪਾਣੀ ਲੈ ਕੇ ਨਦੀਆਂ ਤਾਈਂ, ਖੁਸ਼ਹਾਲੀ ਦੀ ਫ਼ਸਲ ਉਗਾਈਏ ।
ਆ ਬੈਠ ਜਰਾ ਦੋ ਗੱਲਾਂ ਕਰੀਏ...।

ਸਾਰੇ ਰਲ ਕੇ ਰਹਿਣਾ ਸਿੱਖੀਏ, ਦੂਈ ਦਾ ਹੁਣ ਭੇਦ ਮਿਟਾਈਏ ।
ਚੰਨ-ਤਾਰਿਆਂ ਛਾਵੇਂ ਬਹਿ ਕੇ, ਧਰਤੀ ਨੂੰ ਫਿਰ ਸੂਰਗ ਬਣਾਈਏ ।
ਆ ਬੈਠ ਜਰਾ ਦੋ ਗੱਲਾਂ ਕਰੀਏ...।

ਸੁਖਰਾਜ ਮੌੜ
rajmannmaur@gmail.com

## ਗੁੰਮਨਾਮ ਔਰਤ

ਮੈਨੂੰ ਯਾਦ ਤਾਂ ਨਹੀਂ
ਪਰ ਮੈਂ ਖ਼ੁਸ਼ ਤਾਂ ਬੜੀ ਹੋਵਾਂਗੀ
ਜਿਸ ਦਿਨ ਕਿਵੇਂ ਨਾਂ ਕਿਵੇਂ
ਬਚਦੀ ਬਚਾਉਂਦੀ
ਘਰਦਿਆਂ ਦੀਆਂ ਇੱਛਾਵਾਂ ਨੂੰ
ਅੱਗ ਲਾਉਂਦੀ ਆ ਪਹੁੰਚੀ
ਇੱਕ ਨਰਮ ਲੋਥੜਾ ਬਣ ਕੇ
ਪਰੀ ਬਣਨ ਦੇ ਸੁਪਨੇ ਭਰ ਕੇ
ਇਹ ਸੰਸਾਰ ਤੱਕਣ
ਮੇਰੇ ਅਜ਼ਾਦ ਹਵਾ ’ਚ
ਮਸਤੀ ਨਾਲ ਵਿਚਰਨ ’ਤੇ
ਉਮਰ ਦੇ ਵਧਣ ਨਾਲ
ਲਗਾਮਾਂ ਕਸਦੀਆਂ ਗਈਆਂ

ਹਰ ਨਵਾਂ ਸਾਲ
ਮੇਰੇ ਉੱਭਰਦੇ ਜਿਸਮ ਲਈ
ਇੱਕ ਨਵਾਂ ਸੰਗਲ ਲੈ ਕੇ ਆਉਂਦਾ
'ਤੇ ਮੇਰਾ ਹਰ ਖ਼ੁਆਬ
ਮੇਰੇ ਲਈ ਹਸੀਨ ਫੁੱਲਾਂ ਦੀ ਘਾਟੀ ਨਹੀਂ
ਇੱਕ ਉਜਾੜ ਜੰਗਲ ਲੈ ਕੇ ਆਉਂਦਾ
'ਤੇ ਇੱਕ ਅਰਸੇ ਬਾਅਦ
ਉਹੀ ਖ਼ੁਆਬਾਂ ਦਾ ਵੀਰਾਨ ਜੰਗਲ
ਮੇਰਾ ਸਹਾਰਾ ਮੇਰੀ ਪਹਿਚਾਣ ਬਣਿਆ
ਜਦ ਮੇਰਾ ਦੋ ਦੋ ਘਰਾਂ ਦਾ
ਆਪਣਾ ਸੰਸਾਰ
ਮੇਰੇ ਲਈ ਅਣਜਾਣ ਬਣਿਆ
ਤੇ ਮੇਰੀਆਂ ਨੇਪੋਲੀਅਨ ਦੀ ਪਤਨੀ
ਬਣਨ ਦੀਆਂ ਰੀਝਾਂ
ਵਿਆਹ ਦੀ ਪਹਿਲੀ ਰਾਤ ਨੇ ਹੀ
ਮੁਕਾ ਦਿੱਤੀਆਂ
ਹੁਣ ਤਾਅਨੇ ਮਿਹਣਿਆਂ ਦੀ ਅੱਗ
ਸਾੜ ਦਿੰਦੀ ਏ ਮੇਰੇ ਜੰਗਲ ਨੂੰ
'ਤੇ ਏਸ ਜੰਗਲ ਦਾ ਧੂੰਆਂ
ਬਦਲ ਦਿੰਦੈ
ਮੇਰੇ ਕਾਲੇ-ਸ਼ਾਹ ਵਾਲਾਂ ਨੂੰ
ਚਾਂਦੀ ਰੰਗੇ ਉਲਝੇ ਝਾਟੇ 'ਚ
'ਤੇ ਆਖਿਰ ਮੈਂ
ਬਣ ਕੇ ਰਹਿ ਜਾਂਦੀ ਹਾਂ
ਇੱਕ ਗੁੰਮਨਾਮ ਔਰਤ

## ਇਨਕਾਰ

ਸੱਚ ਜਾਣੀਂ
ਤੇਰੇ ਪਹਿਲੀ ਵਾਰ ਥਿਰਕੇ
ਸੂਹੇ ਬੁੱਲ੍ਹਾਂ ਨੇ ਤਾਂ
ਇੱਕ ਵਾਰੀ ਮੇਰੇ ਦਿਲ ਨੂੰ
ਆਨੰਦਤ ਕਰ ਦਿੱਤਾ ਸੀ
ਪਰ ਅਗਲੇ ਪਲ
ਤੇਰਾ ਉਹਨਾਂ ਸੂਹੇ ਬੁੱਲ੍ਹਾਂ ਚੋਂ
ਨਿੱਕਲਿਆ ਇਨਕਾਰ
ਆਪਣੀ ਚੁੱਪੀ ਦੇ
ਖ਼ੂਬਸੂਰਤ ਰਿਸ਼ਤੇ ਨੂੰ
ਚਕਨਾਚੂਰ ਕਰ ਗਿਆ
’ਤੇ ਮੈਂ . . .
ਦੁਬਾਰਾ ਫਿਰ
ਉਸ ਹਾਂ ਦੀ ਆਸ
ਦੇ ਭੁਲੇਖੇ ’ਚ
ਜਾਣਾ ਲੋਚਿਆ ।

## ਮੰਜ਼ਿਲ

ਕੱਲ੍ਹ ਇੱਕ ਦੋਸਤ ਮਿਲਿਆ
ਬੜਾ ਭੱਜ ਰਿਹਾ ਸੀ
ਮੈਂ ਰੋਕ ਕੇ ਪੁੱਛਿਆ,
ਕਿੱਥੇ ਜਾ ਰਿਹੈਂ ?
ਕਹਿੰਦਾ ਮੰਜ਼ਿਲ 'ਤੇ ਪਹੁੰਚਣਾ ਏ
ਮੈਂ ਕਿਹਾ ਰਹਿਣ ਦੇ
ਨਾ ਭੱਜ
ਮੈਂ ਉੱਥੋਂ ਹੀ ਆ ਰਿਹਾਂ
ਕੁਛ ਖਾਸ ਮਿਲੇਗਾ ਉੱਥੇ
ਸਭ ਤੇਰੀ ਕੋਰੀ ਕਲਪਨਾ ਏ
ਮੇਰੇ ਨਾਲ ਚੱਲ
ਤੈਨੂੰ ਕਪਾਹ ਦੇ ਫੁੱਲਾਂ ਤੋਂ
ਦੁੱਧ ਚਿੱਟੇ ਰੇਸ਼ੇ ਬਣਦੇ ਦਿਖਾਵਾਂ
ਜ਼ਰੂਰੀ ਸਾਰੀ ਜ਼ਿੰਦਗੀ
ਪੱਕੇ ਮਹਿਲਾਂ ਲਈ ਤੜਫਨਾ ਏ
ਤੈਨੂੰ ਚੰਗੀ ਤਰਾਂ ਪਤਾ ਏ
ਪੱਕੀ ਮੰਜ਼ਿਲ ਤਾਂ ਤੇਰੀ
ਇਹ ਪੈਰਾਂ ਹੇਠਲੀ ਜ਼ਮੀਨ ਏ
ਪਰ ਫਿਰ ਵੀ ਤੂੰ
ਕਿਉਂ ਖੋਖਲੇ ਰਾਹਾਂ 'ਤੇ ਭਟਕਨਾ ਏਂ

## ਰੋਜ਼ ਵਾਂਗ

ਰੋਜ਼ ਵਾਂਗ
ਮੈਂ ਤੈਨੂੰ ਉਸੇ ਕੈਫ਼ੇ ਵਿੱਚ ਮਿਲਦਾ ਹਾਂ
ਤੇਰਾ ਚਿਹਰਾ ਵੀ ਉਹੀ
ਤੇਰੀ ਮੁਸਕਾਨ ਵੀ ਉਹੀ
ਤੇਰੇ ਜਿਸਮ ਦੀ ਖ਼ੁਸ਼ਬੂ ਵੀ ਉਹੀ
ਤੇਰਾ ਕੌਫ਼ੀ ਦਾ ਸਵਾਦ ਦੱਸਣਾ ਵੀ ਉਹੀ
ਤੇ ਅਖੀਰ ਮੈਨੂੰ ਲੱਗਣ ਲੱਗਦਾ ਏ
ਤੂੰ ਬਦਲਦੀ ਕਿਉਂ ਨਹੀਂ
ਪੀਜ਼ੇ ਦੀਆਂ ਕੀਮਤਾਂ ਤਾਂ
ਨਿੱਤ ਬਦਲ ਜਾਂਦੀਆਂ ਨੇ
ਤੇ ਫੇਰ ਮੈਨੂੰ ਮੇਰਾ
ਪੀਜ਼ੇ ਨਾਲ ਤੇਰੀ ਤੁਲਨਾ ਕਰਨਾ
ਜ਼ਿੰਦਗੀ ਦਾ ਸਭ ਤੋਂ ਬਕਵਾਸ ਖਿਆਲ ਲੱਗਦੈ
ਪਰ ਸ਼ਾਇਦ ਮੈਂ ਹੀ ਬਕਵਾਸ ਬਣ ਚੱਲਿਆਂ ਹਾਂ
ਦਿਨ-ਬ-ਦਿਨ
ਤੇ ਫਿਰ ਇਸ ਸਭ ਤੋਂ ਬਾਹਰ ਨਿਕਲਣ ਲਈ,
ਮੈਂ ਇਕ ਬਹਾਨਾ ਘੜ ਲੈਨਾਂ
ਮੈਂ ਵੀ ਤਾਂ ਉਹੀ ਹਾਂ

## ਸਾਂਝ

ਤੇਰੇ ਮਹਿਕਦੇ ਸਾਹ
ਬਣ ਜਾਂਦੇ ਨੇ
ਮੇਰੇ ਸਹਿਕਦੇ ਅਰਮਾਨ
ਫਿਰ ਇੱਕ ਦੁਰਗੰਧ ਜਿਹੀ
ਫੈਲ ਜਾਂਦੀ ਏ ਚੁਫੇਰੇ
ਤੇਰੀ ਅਣਹੋਂਦ ਦੀ
ਤੇ ਮੈਂ ਦਰਵਾਜ਼ਾ ਬੰਦ ਕਰ ਲੈਨਾਂ
ਬੱਤੀ ਬੁਝਾ ਦਿੰਨਾ
ਏਸ ਵਿਸ਼ਵਾਸ 'ਚ
ਕਿ ਸ਼ਾਇਦ ਹਨੇਰਾ
ਦੁਰਗੰਧ ਨੂੰ ਮਾਰ ਦੇਵੇਗਾ
ਪਰ ਮੈਂ ਭੁੱਲ ਜਾਨਾਂ
ਹਨੇਰੇ ਤੇ ਹਿਜ਼ਰ ਦੀ ਤਾਂ
ਸਦੀਆਂ ਦੀ ਸਾਂਝ ਏ

## ਸਵੀਕਾਰ

ਮੇਰਾ ਮਨ,
ਸਮੁੰਦਰ ਦੀਆਂ ਉੱਚੀਆਂ ਲਹਿਰਾਂ
ਨੂੰ ਦੇਖ ਕੇ
ਕਾਹਲਾ ਪੈਣ ਲੱਗ ਜਾਂਦਾ ਏ
ਇਹ ਸੋਚ ਕੇ ਨਹੀਂ
ਕਿ ਮੈਂ ਡੁੱਬ ਜਾਵਾਂਗਾ
ਸਗੋਂ ਇਹ ਸੋਚ ਕੇ
ਕਿ ਮੈਂ ਤਰ ਕੇ ਬਾਹਰ ਆ ਜਾਵਾਂਗਾ
ਕਿਉਂਕਿ ਮੈਨੂੰ ਤੈਰਨਾ ਆਉਂਦਾ ਏ
ਕਾਸ਼ ! ਮੈਂ ਤੈਰਨਾ ਨਾ ਸਿੱਖਦਾ
’ਤੇ ਵੜ ਜਾਂਦਾ ਮੈਂ ਇਹਨਾਂ ਲਹਿਰਾਂ ’ਚ
ਤੇ ਉੱਤਰ ਜਾਂਦਾ ਡੂੰਘੇ ਸਮੁੰਦਰ ਵਿੱਚ
ਬਿਨਾਂ ਕਿਸੇ ਜੱਦੋ ਜਹਿਦ ਦੇ
ਕਿਉਂਕਿ ਕੱਲੀ ਜੱਦੋ ਜਹਿਦ ਹੀ
ਜ਼ਿੰਦਗੀ ਨਹੀਂ ਹੁੰਦੀ
ਕਦੇ ਕਦੇ
ਸਵੀਕਾਰ ਕਰਨਾ ਵੀ
ਜ਼ਿੰਦਗੀ ਬਣ ਜਾਂਦੈ

ਕਮਲ ਕਕਰਾਲਾ
kamal.kakrala@gmail.com

## ਅੱਲ੍ਹੜੇ ਧਰੇਕੇ

ਹਰੇ ਹਰੇ ਪੱਤ ਤੇਰੇ, ਪੀਲੀਆਂ ਡਕੋਲੀਆਂ,
ਨੈਣਾਂ ਵਿੱਚ ਜਾਂਦੇ ਨੇ ਸਮਾ
ਅੱਲ੍ਹੜੇ ਧਰੇਕੇ ਹਾਏ ਨੀਂ, ਚੜ੍ਹਦੀ ਵਰੇਸੇ ਹਾਏ ਨੀਂ,
ਚੱਕਿਆ ਨਾ ਜਾਂਦਾ ਤੈਥੋਂ ਚਾਅ

ਵਿਹੜੇ ਦੀਆਂ ਵੇਲਾਂ ਨਾਲ, ਕਰੇਂ ਛੇੜਖਾਨੀਆਂ ਨੀਂ,
ਉਮਰਾਂ ਤੋਂ ਵੱਡੀ ਏ ਖਤਾ
ਪੁਰੇ ਨਾਲ ਕਿੱਕਲੀ, ਤੇ ਪੱਛੋਂ ਨਾਲ ਦਾਈਏ ਖੇਡੇਂ,
ਭੋਰਾ ਤੈਨੂੰ ਚੜ੍ਹਦਾ ਨਾ ਸਾਹ
ਦਿਨਾਂ ਵਿੱਚ ਕੋਠੇ ਜਿੱਡੀ, ਹੋਗੀ ਮੁਟਿਆਰ ਨੀਂ ਤੂੰ,
ਤਾਰਿਆਂ ਦਾ ਪੁੱਛਦੀ ਏਂ ਭਾਅ
ਅੱਲ੍ਹੜੇ ਧਰੇਕੇ ਹਾਏ ਨੀਂ......

ਤੋਤਿਆਂ ਦੀ ਜੋੜੀ ਤੇਰੇ, ਹਾਣ ਪਰਵਾਨ ਦੀ ਨੀਂ,
ਰੱਜ ਰੱਜ ਕਰੇ ਤੈਨੂੰ ਪਿਆਰ
ਹੱਡੀਆਂ ਦਾ ਮੁੱਠ, ਇੱਕ ਲੰਗੜਾ ਬਲੂੰਗੜਾ ਨੀਂ,
ਤਿੰਨੇ ਤੇਰੀ ਜੁੰਡਲੀ ਦੇ ਯਾਰ
ਅੱਧੀ ਅੱਧੀ ਰਾਤ ਤੱਕ, ਚੰਦ ਨਾਲ ਗੱਲਾਂ ਕਰੋਂ,
ਸਰਘੀ ਦਾ ਹੁੰਦਾ ਨੀਂ ਪਤਾ
ਅੱਲ੍ਹੜੇ ਧਰੇਕੇ ਹਾਏ ਨੀਂ......

ਮੱਕੜੀ ਦੇ ਜਾਲਿਆਂ ਦੇ, ਤਾਣ ਲਏ ਦੁਪੱਟੇ ਨੀਂ ਤੂੰ,
ਸ਼ਬਨਮ ਨੇਤਰੀਂ ਸਜਾ
ਕੁੜੀਆਂ ਤੇ ਰੁੱਖਾਂ ਦੇ, ਸੰਜੋਗ ਇੱਕੋ ਹੁੰਦੇ ਭੈੜੇ,
ਮੁਖੜੇ ਤੇ ਲੋਹੜੇ ਦੀ ਕਜ਼ਾ
ਹਰੀ ਹਰੀ ਪੱਤੀਆਂ ਦੇ,ਬੰਨ੍ਹ ਲਏ ਕਲੀਰੇ,
ਕਾਂਟੇ ਲਏ ਕਰੁੰਬਲਾਂ ਦੇ ਪਾ
ਅੱਲ੍ਹੜੇ ਧਰੇਕੇ ਹਾਏ ਨੀਂ......

ਅੱਧਖਿੜੇ ਫੁੱਲ ਤੇਰੇ, ਕਣੀਆਂ 'ਚ ਨੱਚਦੇ,
ਬੀਹੀਆਂ 'ਚ ਨੱਚੇ ਜਿਓਂ ਨਚਾਰ
ਕਾਹੜੇ ਕੱਚੇ ਦੁੱਧ ਉੱਤੋਂ, ਲਾਹਵੇ ਜਿਓਂ ਮਲਾਈ ਨੱਢੀ,
ਰੱਖਦੀ ਏ ਪੌਣਾਂ ਨੂੰ ਨਿਤਾਰ
ਪੈਰਾਂ 'ਚ ਕਸੁੰਭੜਾਂ ਨੇ, ਆਣ ਮੰਜਾ ਡਾਹ ਲਿਆ,
ਅੜੀਖੋਰਾਂ ਨਾਲ ਪਿਆ ਵਾਹ
ਅੱਲ੍ਹੜੇ ਧਰੇਕੇ ਹਾਏ ਨੀਂ......

ਚਰਨਜੀਤ ਰੰਧਾਵਾ
randhawa.charanjeet@yahoo.com

## ਵੇਸਵਾ ਦਾ ਢਾਬਾ

ਹੁਣ ਤੇ ਬੜੀ ਦੇਰ ਹੋ ਗਈ, ਕੁਝ ਨੀ ਬਚਿਆ,
ਮਾਸ ਬਣਿਆ ਸੀ, ਸਵਾਦ ਬਣਿਆ ਸੀ, ਗਿਆ ਸਭ ਛਕਿਆ।
ਪਰ ਤੂੰ ਨਿਰਾਸ਼ ਨਾ ਹੋ, ਕੁਝ ਬਚਿਆ ਵੀ ਹੈ,
ਮੇਰੇ ਕੁਝ ਹੰਝੂ, ਕੁਝ ਪਛਤਾਵੇ, ਕੁਝ ਯਾਦਾਂ ਤੇ ਮੇਰਾ ਦਿਲ,
ਜਿਸਨੂੰ ਕਦੇ ਕਿਸੇ ਨੀ ਖਾਧਾ ਪੀਤਾ,
ਸ਼ਾਇਦ ਇਹ ਸਭ ਕਿਸੇ ਦੇ ਹਜਮ ਈ ਨਈ ਹੁੰਦਾ।
ਹੁਣ ਤੂੰ ਦੱਸ ਕੀ ਪੀਏਂਗਾ, ਕੀ ਖਾਏਂਗਾ ?

ਇੱਥੇ ਜਿੰਨੇ ਲੋਕੀਂ ਆਉਂਦੇ ਨੇ ਸਭ ਮਾਸ ਖਾਂਦੇ ਨੇ,
ਕੁਝ ਮੇਰੇ ਕੋਲ ਕੁਝ ਆਸ ਪਾਸ ਖਾਂਦੇ ਨੇ।
ਕਦੇ ਨੀ ਰੱਜਣੇ ਆਦਮ ਦੇ ਕਾਮੀ ਪੁੱਤਰ,
ਦਿਨ ਵਿਚ ਕਈ-ਕਈ ਵਾਰ ਖਾਂਦੇ ਨੇ।
ਇਹ ਮਾਸ ਵੀ ਕਿਧਰੇ ਸਸਤਾ ਤੇ ਮਹਿੰਗਾ ਏ।
ਪਰ ਆਪਣਿਆਂ ਦਾ ਮਾਸ ਕੋਈ ਨੀ ਖਵਾ ਸਕਦਾ।
ਹੁਣ ਤੂੰ ਦੱਸ ਕੀ ਪੀਏਂਗਾ, ਕੀ ਖਾਏਂਗਾ ?

ਜੇ ਯਾਦਾਂ ਲੈਣੀਆਂ ਨੇ ਤਾਂ ਹੰਝੂ ਤੈਨੂੰ ਪੀਣੇ ਹੀ ਪੈਣਗੇ,
ਗੰਢੇ ਦੇ ਛਿੱਲੜ ਵਰਗੀ ਕੁੜੱਤਣ ਏ ਇਹਨਾਂ 'ਚ
ਇਸ ਲਈ ਤੇਰੀਆਂ ਅੱਖਾਂ ਵਿੱਚੋਂ ਵੀ ਪਾਣੀ ਆ ਸਕਦੈ।
ਕੋਈ ਬਹੁਤਾ ਮੁੱਲ ਨੀ ਇਹਨਾਂ ਦਾ,
ਕੁਝ ਪਲ ਅਹਿਸਾਸ ਦੇ ਦੇਣੇ ਪੈਣਗੇ।
ਕੁਝ ਬੋਲ ਸੱਚ ਝੂਠ ਦੇ ਨਿਤਾਰੇ ਲਈ ਕਹਿਣੇ ਪੈਣਗੇ।
ਹੋ ਸਕਦੈ ਤੂੰ ਖ਼ੁਦ ਵੀ ਦੋਸ਼ੀ ਹੋਵੇ।
ਹੁਣ ਤੂੰ ਦੱਸ ਕੀ ਪੀਏਂਗਾ, ਕੀ ਖਾਏਂਗਾ ?

ਜੇ ਦਿਲ ਖਾਏਗਾ ਤਾਂ ਸ਼ਾਇਦ ਇਹ ਤੇਰੇ ਨਈਂ ਪਚਣਾ,
ਪਛਤਾਵੇ ਦੀਆਂ ਉਲਟੀਆਂ ਉੱਛਲੇਗਾ ਜਦ ਕਿਸੇ ਹੋਰ ਕੋਲ ਜਾਏਗਾ।
ਬਚਿਆ ਮਾਸ ਦਾ ਭੋਰਾ ਝੋਰਾ ਖਾ ਸਕਦੈ,
ਪਰ ਇਹ ਵੀ ਤੇਰੇ ਨਸੂੜੀ ਫਸ ਜਾਏਗਾ,
ਫੇਰ ਲੱਖ ਕਰੀਂ ਝੂਠੇ ਦਿਲਾਸਿਆਂ ਦੀਆਂ ਕੁਰਲੀਆਂ,
ਇਹ ਤਾਂ ਤੇਰੇ ਹੱਡੀ ਰਚ ਜਾਏਗਾ।
ਕਿਉਂਕਿ ਜਿਸ ਮੂੰਹ ਨੂੰ ਇੱਕ ਵਾਰੀ ਮਾਸ ਲੱਗ ਜਾਏ ,
ਫਿਰ ਉਸਦਾ ਨਈਂ ਸਰਦਾ।
ਹੁਣ ਤੂੰ ਦੱਸ ਕੀ ਪੀਏਂਗਾ, ਕੀ ਖਾਏਂਗਾ ?

# ਖ਼ਿਆਲ

ਦਿਲ ਵਿਚ ਤੇਰਾ ਜਦ ਖ਼ਿਆਲ ਰਹਿੰਦਾ ਏ,
ਫੇਰ ਕਰਦਾ ਕਿਉਂ ਤੇਰੀ ਉਹ ਭਾਲ ਰਹਿੰਦਾ ਏ।

ਛੱਡ ਗਏ ਨੇ ਸਾਥ ਸਭ ਇੱਕ ਇੱਕ ਕਰ ਕੇ,
ਬਸ ਮਹਿਖ਼ਾਨਾ ਹੀ ਨਾਲ ਨਾਲ ਰਹਿੰਦਾ ਏ।

ਦੱਸ ਕੇ ਤਾਂ ਜਾਂਦਾ ਕਮੀ ਸੀ ਜੋ ਸਾਡੇ ਵਿਚ,
ਬੁੱਲੀਆਂ 'ਤੇ ਇਹੋ ਹੀ ਸਵਾਲ ਰਹਿੰਦਾ ਏ।

ਕਿੰਨੀ ਵਾਰ ਆਖਿਆ ਏ ਲੋਕੀਂ ਨਈਂਓ ਰੱਜਣੇ,
ਫੇਰ ਵੀ ਉਹ ਕਰਦਾ ਦਿਲ ਨੂੰ ਹਲਾਲ ਰਹਿੰਦਾ ਏ।

ਦੇਖ ਲੋਕੀਂ ਸਾਰੇ ਹੱਸ ਤੁਰ ਜਾਂਵਦੇ ਨੇ,
ਕੁਝ ਇਸ ਤਰ੍ਹਾਂ ਦਾ ਹੁਣ ਮੇਰਾ ਹਾਲ ਰਹਿੰਦਾ ਹੈ।

ਇੱਕੋ ਇਕ ਗੁਣ ਬਸ ਦਿਲ ਦਾ ਅਮੀਰ ਏ,
ਨਹੀਂ ਹੋਇਆ 'ਰੰਧਾਵਾ' ਆਏ ਦਿਨ ਕੰਗਾਲ ਰਹਿੰਦਾ ਏ।

## ਵਿਦਾਈਆਂ

ਗਾਓ ਨੀ ਕੋਈ ਗੀਤ ਗ਼ਮਾਂ ਦਾ,
ਤੇ ਵਜਾਓ ਖੁਸ਼ੀਆਂ ਦੀਆਂ ਸ਼ਹਿਨਾਈਆਂ ਨੀ,
ਮੈਂ ਬਿਰਹੋਂ ਨੂੰ ਚੱਲੀ, ਮੇਰੀਆਂ ਛੇਤੀ ਕਰੋ ਵਿਦਾਈਆਂ ਨੀ।
ਮੈਂ ਬਿਰਹੋਂ ਨੂੰ ਚੱਲੀ...।

ਮਲੋ ਨੀ ਤਨ ਮੇਰੇ 'ਤੇ ਪੀੜਾਂ ਦਾ ਵਟਣਾ,
ਤੇ ਪਾਓ ਨੈਣੀ ਹੰਝੂਆਂ ਦੀਆਂ ਸੁਰਮ ਸਲਾਈਆਂ ਨੀ।
ਮੈਂ ਬਿਰਹੋਂ ਨੂੰ ਚੱਲੀ, ਮੇਰੀਆਂ ਛੇਤੀ ਕਰੋ ਵਿਦਾਈਆਂ ਨੀ।
ਮੈਂ ਬਿਰਹੋਂ ਨੂੰ ਚੱਲੀ...।

ਮਾਂ ਮੇਰੀ ਨੇ ਲੀਤਾ ਰੰਗਲਾ ਜੋੜਾ,
ਪਰ ਮੈਂ ਤਾਂ ਚਿੱਟੀਆਂ ਸੁੱਥਣਾਂ ਸਿਵਾਈਆਂ ਨੀ।
ਮੈਂ ਬਿਰਹੋਂ ਨੂੰ ਚੱਲੀ, ਮੇਰੀਆਂ ਛੇਤੀ ਕਰੋ ਵਿਦਾਈਆਂ ਨੀ।
ਮੈਂ ਬਿਰਹੋਂ ਨੂੰ ਚੱਲੀ...।

ਲਾਓ ਨੀ ਹੱਥੀਂ ਮੇਰੇ ਖ਼ੂਨ ਦੀ ਮਹਿੰਦੀ,
ਤੇ ਸੁੰਨੀਆਂ ਛੱਡ ਦਿਓ ਕਲਾਈਆਂ ਨੀ।
ਮੈਂ ਬਿਰਹੋਂ ਨੂੰ ਚੱਲੀ, ਮੇਰੀਆਂ ਛੇਤੀ ਕਰੋ ਵਿਦਾਈਆਂ ਨੀ।
ਮੈਂ ਬਿਰਹੋਂ ਨੂੰ ਚੱਲੀ...।

ਨੀ ਬੂਹੇ ਆਇਆ ਅੱਜ ਹਿਜ਼ਰਾਂ ਦਾ ਲਾੜਾ,
ਜਾਓ ਲੈ ਲਓ ਕੁਝ ਦੁਖੜੇ ਵਿਚ ਬਾਰ ਰੁਕਾਈਆਂ ਨੀ।
ਮੈਂ ਬਿਰਹੋਂ ਨੂੰ ਚੱਲੀ, ਮੇਰੀਆਂ ਛੇਤੀ ਕਰੋ ਵਿਦਾਈਆਂ ਨੀ।
ਮੈਂ ਬਿਰਹੋਂ ਨੂੰ ਚੱਲੀ...।

ਕੱਜੋ ਨਾ ਨੀ ਮੁੱਖ ਮੇਰਾ ਸ਼ਰਮਾਂ ਦੀ ਚੁੰਨੀ ਨਾਲ,
ਓਥੇ ਕੋਈ ਨਾ ਦਿੰਦਾ ਘੁੰਢ ਚੁਕਾਈਆਂ ਨੀ।
ਮੈਂ ਬਿਰਹੋਂ ਚੱਲੀ ਮੇਰੀਆਂ ਛੇਤੀ ਕਰੋ ਵਿਦਾਈਆਂ ਨੀ।
ਮੈਂ ਬਿਰਹੋਂ ਨੂੰ ਚੱਲੀ...।

ਜਿੰਨਾਂ ਦੀਆਂ ਮਾਏ ਟੁੱਟੀਆਂ ਅੱਧ ਵਾਟੇ,
ਸਭ ਸਖੀਆਂ ਡੋਲੀ ਪਾਵਣ ਆਈਆਂ ਨੀ।
ਮੈਂ ਬਿਰਹੋਂ ਨੂੰ ਚੱਲੀ, ਮੇਰੀਆਂ ਛੇਤੀ ਕਰੋ ਵਿਦਾਈਆਂ ਨੀ।
ਮੈਂ ਬਿਰਹੋਂ ਨੂੰ ਚੱਲੀ...।

ਪੇਕੜੇ ਨਾ ਆਉਣ ਦੇਣ ਪਿੰਡ ਬਿਰਹੋਂ ਦੇ,
ਧੀਆਂ ਸਦਾ ਲਈ ਹੋ ਜਾਵਣ ਪਰਾਈਆਂ ਨੀ।
ਮੈਂ ਬਿਰਹੋਂ ਨੂੰ ਚੱਲੀ, ਮੇਰੀਆਂ ਛੇਤੀ ਕਰੋ ਵਿਦਾਈਆਂ ਨੀ।

## ਸੁਨਾਮੀ

ਆਪਣੇ ਹੀ ਘਰ ਦਾ ਰਾਹ ਭੁੱਲ ਜਾਈਂਦਾ,
ਛਾਈ ਅੱਜ-ਕੱਲ੍ਹ ਗੁੰਮਨਾਮੀ ਰਹਿੰਦੀ ਏ।

ਰਹਿਣ ਸਦਾ ਝੁੱਲਦੇ ਤੂਫ਼ਾਨ ਤੇਰੀ ਯਾਦ ਦੇ,
ਆਈ ਨੈਣਾਂ ਵਿਚ ਨਿੱਤ ਹੀ ਸੁਨਾਮੀ ਰਹਿੰਦੀ ਏ।

ਜੰਮਦੇ ਤੇ ਮਰਦੇ ਜੋ ਕੱਚਿਆਂ ਹੀ ਢਾਰਿਆਂ 'ਚ
ਪਲ ਦੋ ਪਲ ਦੀ ਉਨਾਂ 'ਤੇ ਜਵਾਨੀ ਰਹਿੰਦੀ ਏ।

ਬੜਾ ਮਾਣ ਦਿੱਤਾ ਏ ਮੈਨੂੰ ਏਸ ਨਗਰੀ ਨੇ,
ਥੋੜੀ ਜਿਹੀ ਲੈਣੀ ਹੁਣ ਬਦਨਾਮੀ ਰਹਿੰਦੀ ਏ।

ਚੱਕ ਨਈਓਂ ਹੋਣੇ ਹੁਣ ਨਾਜ਼ ਤੇਰੇ ਬਹੁਤਾ ਚਿਰ,
ਬਸ ਪਲ ਦੋ ਪਲ ਮੇਰੀ ਜ਼ਿੰਦਗਾਨੀ ਰਹਿੰਦੀ ਏ।

# ਕਮਲੀ

ਤੂੰ ਕਮਲੀ ਏਂ
ਕੁਝ ਵੀ ਬੋਲ ਦੇਂਦੀ ਏਂ
ਤੂੰ ਕਿਹਾ ਸੀ ਆਪਾਂ ਜ਼ਰੂਰ ਮਿਲਾਂਗੇ
ਤੇ ਮਿਲਦੇ ਰਹਾਂਗੇ
ਸਾਹਾਂ ਦੇ ਅੰਦਰ ਤੇ ਸਾਹਾਂ ਦੇ ਪਾਰ
ਕਮਲੀਏ !
ਜੇ ਆਪਾਂ ਸਾਹਾਂ ਦੇ ਅੰਦਰ ਮਿਲੇ
ਤਾਂ ਮੈਂ ਤੂੰ ਹੋਣਾ ਏਂ
ਤੇ ਤੂੰ ਮੈਂ ਹੋਣਾ ਏ
ਸੱਚੀਂ ਕਮਲੀ ਏਂ ਤੂੰ

ਕੁਝ ਵੀ ਬੋਲ ਦੇਂਦੀ ਏ
ਤੂੰ ਫਿਰ ਕਿਹਾ ਸੀ ਆਪਾਂ
ਸਾਹਾਂ ਦੇ ਪਾਰ ਮਿਲਾਂਗੇ
ਜੇ ਆਪਾਂ ਸਾਹਾਂ ਦੇ ਪਾਰ ਮਿਲੇ
ਫਿਰ ਆਪਾਂ ਦਰਗਾਹੀਂ ਜਾ ਕੇ ਮਿਲਣਾ ਏ ...।
ਏਸ ਜਨਮ ਮੁਸ਼ਕਲ ਏ ਆਪਣਾ ਮਿਲਾਪ
ਹੁਣ ਤੂੰ ਹੀ ਦੱਸ
ਇਹਨਾਂ ਦੋਹਾਂ ਹਾਲਾਤਾਂ ਵਿਚ
ਆਪਾਂ ਕਿਸ ਤਰ੍ਹਾਂ ਮਿਲਾਂਗੇ ?
ਸੱਚੀਂ ! ਕਮਲੀ ਏ ਤੂੰ, ਕੁਝ ਵੀ ਬੋਲ ਦੇਂਦੀ ਏ
ਸਾਹਾਂ ਦੇ ਸੇਕ ਨੂੰ ਨਾ ਤੂੰ ਜਾਣਦੀ ਏ
ਤੇ ਨਾ ਮੈਂ
ਤੇ ਦਰਗਾਹੀਂ ਕੀ ਪਤਾ ਕਿਸਨੇ
ਪਹਿਲਾਂ ਚਲੇ ਜਾਣਾ ਏ
ਜੇ ਮੈਂ ਦਰਗਾਹੀਂ ਮਿਲੇ
ਤਾਂ ਤੂੰ ਮੈਨੂੰ ਤੇ ਮੈਂ ਤੈਨੂੰ
ਲੱਭਦੇ ਰਹਿਣਾ ਏ
ਕੀ ਖੱਟਾਂਗੇ ਆਪਾਂ
ਏਸ ਜਨਮ ਤੇ ਓਸ ਦਰਗਾਹੀਂ
ਵੀ ਆਪਣੇ ਪੱਲੇ ਸਿਰਫ਼ ਭਟਕਣ ਹੀ
ਪੈਣੀ ਏ...।

## ਹਮਦਮ

ਜਿੰਨੇ ਵੀ ਹਮਦਮ ਮਿਲੇ ਨੇ,
ਸਭ ਦੇ ਕੋਲੋਂ ਗ਼ਮ ਮਿਲੇ ਨੇ।

ਉਹੀ ਅਕਸਰ ਬੇਵਫ਼ਾ ਹੋ ਜਾਂਦੇ,
ਜੋ ਭਰਦੇ ਵਫ਼ਾ ਦਾ ਦਮ ਮਿਲੇ ਨੇ।

ਕੋਠੇ ਵਿਚ ਕੰਜਰੀ ਦੇ ਨੈਣਾਂ ਵਾਂਕਣ
ਕਿਉਂ ਪੈਰੀਂ ਘੁੰਗਰੂ ਵੀ ਕਰਦੇ ਛਮ ਛਮ ਮਿਲੇ ਨੇ।

ਸ਼ਹਿਰ ਤੇਰੇ ਵਿਚ ਵਫ਼ਾ ਦੇ ਨਾਂ ’ਤੇ
ਵਿਕਦੇ ਬਾਜ਼ਾਰੀ ਚੰਮ ਮਿਲੇ ਨੇ।

ਕਦੀ ਨਾ ਤੱਕਿਆ ਹੱਸਦਾ ਇਸ਼ਕੇ ਵਾਲਾ,
‘ਰੰਧਾਵੇ’ ਸਭ ਦੇ ਨੈਣ ਹੀ ਨਮ ਮਿਲੇ ਨੇ।

ਬਲਜਿੰਦਰ ਕੌਰ
kaurbaljinder1983@gmail.com

## ਸ਼ਾਇਦ

ਸ਼ਾਇਦ ਤੇਰਾ ਤੇ ਮੇਰਾ ਮਿਲਣਾ
ਖ਼ੁਦਾ ਨੂੰ ਨਹੀਂ ਮਨਜ਼ੂਰ ਹੋਣਾ
ਇਸ ਪਿੱਛੇ ਪਰ ਦੋਹਾਂ ਦਾ ਵੀ
ਹੱਥ ਤਾਂ ਕੋਈ ਜ਼ਰੂਰ ਹੋਣਾ

ਮੈਂ ਹੀ ਤੈਨੂੰ ਬੁਲਾਇਆ ਨਹੀਂ
ਜਾਂ ਤੂੰ  ਮੈਨੂੰ ਸਮਝਿਆ ਨਹੀਂ
ਮਿਲੇ ਨਹੀਂ ਜੇ ਆਪਾਂ ਦੋਵੇਂ
ਆਪਣਾ ਹੀ ਕਸੂਰ ਹੋਣਾ

ਦਿਲਾਂ ਨੂੰ ਦਿਲਾਂ ਦੀ ਰਾਹ ਹੁੰਦੀ ਏ
ਨੈਣੀਂ ਮਿਲਣ ਦੀ ਚਾਹ ਹੁੰਦੀ ਏ
ਮੈਨੂੰ ਗ਼ਮ ਹੈ, ਮਿਲੇ ਨਾ ਦੋਵੇਂ
ਤੈਨੂੰ ਵੀ ਜ਼ਰੂਰ ਹੋਣਾ

ਲਗਦਾ ਏ ਆਪਣਾ ਮਿਲਣਾ ਰੱਬ ਨੂੰ
ਅਗਲੇ ਜਨਮ ਮਨਜ਼ੂਰ ਹੋਣਾ
ਪਰ ਇਸ ਜਨਮ ਤੇਰੀ ਯਾਦ ਨੇ
ਮੇਰੇ ਦਿਲੀਂ ਨਾਸੂਰ ਹੋਣਾ

## ਜਜ਼ਬਾਤਾਂ ਦੀ ਲੋਅ

ਕਿਤੇ ਪੈ ਨਾ ਜਾਵੇ ਮੱਠੀ, ਜਜ਼ਬਾਤਾਂ ਦੀ ਲੋਅ,
ਦਿਲਾ ਹੌਲੀ ਹੌਲੀ ਰੋ
ਉਹ ਦੇਣ ਨਾ ਦਿਲਾਸੇ ਜਿਹੜੇ ਹਾਸੇ ਲੈਂਦੇ ਖੋਹ,
ਦਿਲਾ ਹੌਲੀ ਹੌਲੀ ਰੋ

ਤੇਰੇ ਨਾਲ ਰਹਿ ਕੇ ਦਿਨ, ਖੁਸ਼ੀਆਂ 'ਚ ਢਲ਼ ਗਏ
ਦੁੱਖ ਮੇਰੇ ਹਾਸਿਆਂ ਦੇ, ਸੰਗ ਇੰਝ ਰਲ਼ ਗਏ
ਜਿਵੇਂ ਦਿਨ ਦੇ ਉਜਾਲੇ 'ਚ ਦੀਵਿਆਂ ਦੀ ਲੋਅ,
ਦਿਲਾ ਹੌਲੀ ਹੌਲੀ ਰੋ

ਦੁਨੀਆ ਨਾ ਜਾਣ ਸਕੀ, ਚਾਹਤਾਂ ਦਾ ਮਿਆਰ
ਪਰ ਤੂੰ ਵੀ ਦੇਖਿਆ ਨਾ, ਅੱਖਾਂ ਮੇਰੀਆਂ ਦਾ ਪਿਆਰ
ਤੈਨੂੰ ਕਰਾ ਨਾ ਸਕਿਆ ਅਹਿਸਾਸ ਮੇਰੇ ਦਿਲ ਵਾਲਾ ਮੋਹ,
ਦਿਲਾ ਹੌਲੀ ਹੌਲੀ ਰੋ

## ਪਰਦੇਸੀ

ਜਾ ਵੇ ਰਾਹੀਆ, ਖ਼ੁਸ਼ ਰਹੇਂ ਸਦਾ
ਤੇਰੀ ਯਾਦ ਸਹਾਰੇ ਜੀ ਲੈਣਾ
ਜੇ ਖ਼ੁਸ਼ੀ ਮਿਲੀ ਤਾਂ ਵੰਡ ਲਾਂਗੇ
ਨਹੀ ਤਾਂ ਹੰਝ ਪਿਆਲਾ ਪੀ ਲੈਣਾ

ਕਦ ਮੁੜੇ ਨੇ ਪੰਛੀ ਪਰਦੇਸੀ
ਇਹ ਜਾਣ ਵੀ ਦਿਲ ਤੇਰੇ ਨਾਂ ਲਾਇਆ
ਜੇ ਹਿਜਰ 'ਚ ਟੁੱਟਿਆ ਦਿਲ ਸਾਡਾ
ਅਸੀਂ ਦਰਦਾਂ ਦੇ ਨਾਲ ਸੀ ਲੈਣਾ
ਜਾ ਵੇ ਰਾਹੀਆ.....

ਦੱਸ ਤੈਨੂੰ ਹੁਣ ਕੀ ਦੋਸ਼ ਦੇਵਾਂ ?
ਇਹ ਪੀੜਾਂ ਆਪ ਸਹੇੜੀਆਂ ਮੈਂ
ਤੈਥੋਂ ਦਰਦ ਪਛਾਣੇ ਨਹੀਂ ਜਾਣੇ,
ਤੈਨੂੰ ਜ਼ਖ਼ਮ ਵਿਖਾ ਕੇ ਕੀ ਲੈਣਾ
ਜਾ ਵੇ ਰਾਹੀਆ.....

## ਪਿਆਸ

ਰੋਜ਼ ਸੁਪਨਿਆਂ ਦੇ ਵਿਚ ਆਉਂਦਾ ਏਂ
ਕਦੇ ਜ਼ਿੰਦਗੀ ਦੇ ਵਿਚ ਆ ਸੱਜਣਾ

ਮੇਰੀ ਲੀਰਾਂ ਲੀਰਾਂ ਹੋਈ ਜ਼ਿੰਦਗੀ ਨੂੰ
ਕੋਈ ਪਿਆਰ ਦਾ ਤੋਪਾ ਲਾ ਸੱਜਣਾ

ਪਿਆਰ ਦੀਆਂ ਦੋ ਗੱਲਾਂ ਕਰ ਵੇ
ਮੇਰੇ ਦਿਲ ਦੀ ਪਿਆਸ ਬੁਝਾ ਸੱਜਣਾ

ਦੁਨੀਆਂ ਦੀਆਂ ਸਭ ਰਸਮਾਂ ਭੁੱਲ ਕੇ
ਇਕ ਵਾਰੀ ਗਲ ਨਾਲ ਲਾ ਸੱਜਣਾ

## ਰੀਝਾਂ

ਦਿਲ ਮੇਰੇ ਨੇ ਹਿਜਰ ਤੇਰੇ ਦੀਆਂ
ਲੱਖ ਪੀੜਾਂ ਸੀਨੇ ਸਹਿ ਗਈਆਂ
ਜੋ ਗੱਲਾਂ ਬੁੱਲ ਨਾ ਕਰ ਸਕੇ
ਇਹ ਅੱਖੀਆਂ ਸਭ ਕੁੱਝ ਕਹਿ ਗਈਆਂ

ਦੋ ਲਫ਼ਜ਼ ਵੀ ਸਾਂਝੇ ਕੀਤੇ ਨਾ
ਹਾਲੇ ਰੱਜ ਕੇ ਤੈਨੂੰ ਤੱਕਿਆ ਨਾ
ਇਸ ਜ਼ਮਾਨੇ ਦੀਆਂ ਜ਼ੰਜੀਰਾ ਵਿਚ
ਸਭ ਰੀਝਾਂ ਜਕੜ ਕੇ ਰਹਿ ਗਈਆਂ

ਬਾਂਹ ਫੜ ਕੇ ਤੈਨੂੰ ਰੋਕ ਲਵਾਂ
ਦਿਲ ਵਾਰ ਵਾਰ ਇਹ ਕਹਿੰਦਾ ਏ
ਪਰ ਚੰਦਰੇ ਜਗ ਦੀ ਨਜ਼ਰ ਬੁਰੀ
ਸਾਡੇ ਦਿਲ ਦੀਆਂ ਦਿਲ ਵਿਚ ਰਹਿ ਗਈਆਂ

ਨੇਤਰਪਾਲ ਸਿੰਘ
naiterpali@yahoo.co.uk

## ਮਜਾਜਾਂ ਪੱਟੀ

ਉਡਣ ਖਟੋਲਾ ਜਿਵੇਂ ਅੰਬਰਾਂ ਦੇ ਵਿਚ
ਵੇ ਮੈਂ ਮੌਂਜੀ ਹਵਾਵਾਂ ਵਿਚ ਰਹਿੰਦੀ
ਮੈਂ ਹਾਂ ਅਪਣੇ ਰੂਹ ਦੀ ਮਾਲਕ
ਵੇ ਨਾ ਮੇਰੀ ਸੁਰਤ ਜ਼ਮੀਨੀ ਲਹਿੰਦੀ
ਵਿਰਸੇ ਦੀ ਜੰਮੀ ਜਾਈ ਹਾਂ
ਵੇ ਮੈਂ ਘੂਰ ਨਾ ਕਿਸੇ ਦੀ ਸਹਿੰਦੀ
ਮਾਪਿਆਂ ਦੀ ਲਾਡੋ ਧੀ ਧਿਆਣੀ
ਵੇ ਮੈਂ ਬਾਪ ਦੀ ਝਿੜਕ ਬਸ ਸਹਿੰਦੀ
ਕੌੜੀ ਹਾਂ ਸੁਭਾਅ ਦੀ ਕਰਾਰੀ
ਵੇ ਝੂਠ ਕਦੇ ਨਾ ਕਹਿੰਦੀ
ਕਦੇ ਵਾਅਦਿਆਂ ਤੋਂ ਨਾ ਫੇਰਾਂ ਮੁੱਖ
ਵੇ ਸਦਾ ਸੱਚ ਦੀ ਹੋਂਦ ਵਿਚ ਰਹਿੰਦੀ

ਅਕਲਾਂ ਉਤੇ ਉਦੋਂ ਹਾਵੀ ਹੋਜਾਂ
ਵੇ ਜਦੋਂ ਜ਼ਿੱਦ ਕੋਈ ਫੜ ਲੈਂਦੀ
ਪ੍ਰੀਤ ਮੇਰੀ ਜਿਵੇਂ ਇਕ ਬੁਝਾਰਤ
ਵੇ ਮੈਂ ਸਾਫ਼ ਕਦੇ ਨਾ ਕਹਿੰਦੀ
ਲਾਈ ਲੱਗ ਥੋੜੀ ਨਾਦਾਨ ਜਿਹੀ ਮੈਂ
ਵੇ ਹਰ ਇਕ ਦਾ ਦੁੱਖ ਪੜ੍ਹ ਲੈਂਦੀ
ਸੱਭਿਆਚਾਰ ਨੇ ਪਾਲ਼ੀ ਹਾਂ ਮੈਂ
ਵੇ ਬਣ ਸੰਮੀ ਗੂੰਜਦੀ ਰਹਿੰਦੀ
ਅੱਡੀ ਦੇ ਨਾਲ ਭੋਰਾਂ ਪਤਾਸੇ
ਵੇ ਮੇਰੀ ਧਮਕ ਅਸਮਾਨੀਂ ਪੈਂਦੀ
ਪਹਿਰਾਵਾ ਹੈ ਪਹਿਚਾਣ ਪੰਜਾਬੀ
ਵੇ ਮੇਰੀ ਜੁੱਤੀ ਸ਼ੂਕਦੀ ਕਹਿੰਦੀ
ਰੁਤਬਾ ਮੇਰਾ ਰੱਬ ਵਾਂਗ ਪਵਿੱਤਰ
ਵੇ ਮੈਨੂੰ ਦੁਨੀਆਂ ਪੰਜਾਬਣ ਕਹਿੰਦੇ

ਜੱਸੀ ਗਿੱਲ
gilljassi007@gmail.com

## ਮੈਨੂੰ ਕਮਜ਼ੋਰ ਨਾ ਸਮਝੋ

ਮੈਂ ਮਜਦੂਰ ਹਾਂ
ਪਰ ਮਜਬੂਰ ਨਹੀਂ
ਮੈਨੂੰ ਕਮਜ਼ੋਰ ਨਾ ਸਮਝੋ
ਜਿੰਨਾਂ ਰਾਹਾਂ 'ਤੇ ਤੁਸੀਂ ਤੁਰਦੇ ਹੋ
ਉਹ ਰਾਹ ਮੈਂ ਆਪਣੇ ਜਿਸਮ ਦੀ
ਇੱਕ ਇੱਕ ਪਰਤ ਵਿਛਾ ਕੇ
ਇਜ਼ਾਦ ਕੀਤੇ ਹਨ
ਜਿਸ ਪੱਥਰ ਦੇ ਦੇਵਤੇ ਨੂੰ ਤੁਸੀਂ
ਪੂਜਦੇ ਹੋ
ਮੈਂ ਦਿਨ ਰਾਤ ਇੱਕ ਕਰਕੇ
ਉਹਨੂੰ ਪੂਜਣ ਲਾਇਕ ਬਣਾਇਆ ਹੈ
ਥੋਡੇ ਮਹਿਲਾਂ ਦੀ ਸ਼ਾਨ ਵਿੱਚ
ਅੱਧਾ ਹਿੱਸਾ ਮੇਰਾ ਹੈ
ਕਿਉਂਕਿ ਮੈਂ ਆਪਣੇ ਮੁੜ੍ਹਕੇ ਵਿੱਚ
ਆਪਣੇ ਹੱਡਾਂ ਦੀ ਰੇਤ ਮਿਲਾ ਕੇ
ਜੋ ਗਾਰਾ ਤਿਆਰ ਕੀਤਾ

ਉਹਦੇ ਨਾਲ ਇਹਨਾਂ ਮਹਿਲਾਂ ਦੇ
ਨੀਂਹ ਪੱਥਰ ਰੱਖੇ ਹਨ
ਸੰਗਮਰਮਰ ਦੀ ਚਮਕ
ਮੇਰੇ ਹੀ ਮੁੜ੍ਹਕੇ ਦੇ ਪੋਚੇ ਨਾਲ ਚਮਕਦੀ ਹੈ
ਥੋਡੇ ਘਰਾਂ ਦੇ ਉੱਚੇ-ਉੱਚੇ ਕੱਦ ਕਰਦਿਆਂ
ਕਿਧਰੇ ਮੈਂ ਦਬ ਕੇ ਮਧਰਾ ਰਹਿ ਗਿਆ
ਵਿਆਹ ਦੀ ਅਗਲੀ ਰਾਤ ਸਾਡੀ ਚੂੜੇ ਵਾਲੀ ਦੇ
ਹਾਲੇ ਮਹਿੰਦੀ ਦਾ ਰੰਗ ਵੀ ਨਹੀਂ ਉੱਤਰਿਆ ਹੁੰਦਾ
ਤੇ ਸੜਕਾਂ ਦੇ ਦੁਰਮਟ ਚਲਾ ਰਹੀ ਹੁੰਦੀ ਹੈ
ਜਿਵੇਂ ਕੂੰਡੇ ਵਿੱਚ ਮਿਰਚਾਂ ਕੁੱਟ ਰਹੀ ਹੋਵੇ
ਹਥੌੜੇ ਨਾਲ ਪੱਥਰਾਂ ਨੂੰ ਅਖਰੋਟ
ਸਮਝ ਕੁੱਟ ਰਹੀ ਹੋਵੇ
ਇੱਕ ਝਾਂਸੀ ਦੀ ਰਾਣੀ
ਪਿੱਛੇ ਛੇ-ਸੱਤ ਮਹੀਨਿਆਂ ਦਾ ਬੱਚਾ ਬੰਨ੍ਹੀ
ਨਾਲ ਚੁੱਕੀ ਫਿਰਦੀ ਹੈ
ਰੋੜਿਆਂ ਦੀ ਪੰਡ
ਮੈਲੀ ਜਿਹੀ ਚੁੰਨੀ ਨਾਲ
ਢਕ ਦਿੰਦੀ ਹੈ ਤਪਦੇ ਸੂਰਜ ਨੂੰ
ਐਨੀ ਸਹਿਣਸ਼ੀਲਤਾ ਹੁੰਦੀ ਸਾਡੇ ਵਿੱਚ
ਰੋੜ ਕੁੱਟਣ ਦੀ ਸੰਗੀਤਕ ਅਵਾਜ਼ ਵਿੱਚ

ਜਨਮ ਲੈਂਦਾ ਤੇ ਵੱਡਾ ਹੁੰਦਾ ਇੱਕ ਮਜਦੂਰ
ਏਸ ਦੁਨੀਆਂ ਨਾਮਕ ਕਲਬੂਤ ਨੂੰ
ਸੰਵਾਰਨ ਲਈ
ਇੱਕ ਗੱਲ ਹੋਰ
ਸ਼ਾਹੂਕਾਰੋ ! ਤੁਸੀਂ ਗਰੂਰ ਨਾ ਕਰੋ
ਆਪਣੇ ਵੱਡੇ ਹੋਣ ਦਾ
ਜਿੰਨਾਂ ਪੈਸਿਆਂ ਕਰਕੇ ਥੋਡਾ ਨਾਮ ਹੈ
ਉਹ ਵੀ ਇੱਕ ਮਜਦੂਰ ਹੀ ਬਣਾਉਂਦਾ ਹੈ
ਤੇ ਸਭ ਤੋਂ ਵੱਡਾ ਮਜਦੂਰ ਹੈ ਉਹ ਰੱਬ
ਜਿਸ ਨੂੰ ਅੱਜ ਤਾਂਈ, ਉਹਦੀ ਮਜਦੂਰੀ ਨਹੀਂ ਮਿਲੀ
ਯਾਦ ਰੱਖਿਓ..!
ਮੈਂ ਮਜਦੂਰ ਹਾਂ
ਮਜਬੂਰ ਨਹੀ
ਮੈਨੂੰ ਕਮਜ਼ੋਰ ਨਾ ਸਮਝੋ

## ਕਮਲੀ

ਵਿਛੀ ਪਈ ਸੀ
ਜਮੀਂ 'ਤੇ
ਜਿੰਦਾਂ ਲਾਸ਼ ਬਣ ਕੇ
ਬਣ-ਠਣ ਕੇ ਰਹਿਣ ਵਾਲੀ
ਮਿੱਟੀ 'ਚ ਲੱਥ ਪੱਥ ਹੋਈ
ਇੱਕ ਕੁੜੀ
ਕਾਲੇ ਸ਼ਾਹ ਬੱਦਲਾਂ ਜਿਹੇ
ਵਾਲ ਭੂਰੇ ਹੋ ਚੁੱਕੇ ਸਨ
ਵਕਤ ਦੀ ਧੁੱਪ ਥੱਲੇ

ਕਦੇ ਕੋਈ ਇਹਨਾਂ ਦੀ ਛਾਂ
ਥੱਲੇ ਦੁਪਹਿਰ ਕੱਟਦਾ ਹੋਣਾ
ਪਰ
ਉੱਡ ਰਹੇ ਨੇ ਹੁਣ
ਪਰਵਾਸੀ ਪੰਛੀਆਂ ਵਾਂਗ
ਤੇ ਉਹਦਾ ਸਿਰ
ਮਰੁੰਡੇ ਰੁੱਖ ਵਰਗਾ
ਪਰਤੀਤ ਹੋਣ ਲੱਗ ਗਿਆ
ਅੱਖਾਂ ਵਿੱਚ ਇੱਕ ਬਾਂਝਪਣ
ਪੈਦਾ ਹੋ ਚੁੱਕਾ ਸੀ
ਖੁੱਲੀਆਂ ਪਲਕਾਂ ਉੱਤੇ
ਉਡੀਕਾਂ ਦੀ ਮਣ-ਮਣ
ਧੂੜ ਜੰਮੀ ਪਈ ਸੀ
ਕੁਆਰੇ ਸੁਪਨੇ ਦੀ
ਹੱਤਿਆ ਦੇ ਸਦਮੇ ਨੇ
ਜ਼ੁਬਾਂ ਨੂੰ ਮਾਰ ਸੁੱਟਿਆ

’ਤੇ
ਕੋਮਲ ਪੱਤੀਆਂ ਵਰਗੇ
ਬੁੱਲ੍ਹਾਂ ’ਤੇ
ਸਿੱਕਰੀ ਦੇ ਟਿੱਲੇ ਦਿਖ ਰਹੇ ਸਨ
ਇੱਕ ਦਮ ਉੱਠ ਕੇ ਚੱਲਣ ਲੱਗੀ
ਮਾਹੀ ਦਾ ਨਾਮ ਲੈ ਕੇ
ਕਦੇ ਹਵਾ ਤੋਂ ਤੇਜ, ਧੜਕਣਾਂ ਤੋਂ ਤੇਜ
ਦੌੜ ਲਿਪਟ ਜਾਂਦੀ ਹੋਣੀ ਆਂ
ਆਪਣੇ ਮਾਹੀ ਨੂੰ

ਪਰ ਹੁਣ, ਉਹਦੀ ਚਾਲ
ਜਿਵੇਂ ਪੈਰਾਂ ਵਿੱਚ ਜ਼ਬਰਨ
ਧੋਖੇਬਾਜ਼ੀਆਂ ਦੇ ਸੰਗਲ ਪਾਏ ਹੋਣ
ਹੱਥਾਂ ਵਿੱਚ ਬੇਵਫ਼ਾਈ ਦਾ ਚੂੜਾ
ਜਿਸਮ ਤੇ ਲੱਦੀ ਫਿਰਦੀ ਸੀ
ਵਫ਼ਾ ਦਾ ਪਾਟਿਆ ਹੋਇਆ ਜੁੱਲ
ਰੋਜ ਦਿਨ ਚੜ੍ਹਦਾ ਉਹਦਾ
ਚੁੱਪ ਦੇ ਸੂਰਜ ਵਿੱਚ
ਤੇ ਢਲ ਜਾਂਦਾ
ਉਦਾਸੀ ਦੀ ਚਾਨਣੀ ਹੇਠ

ਪਤਾ ਨੀ ਕੌਣ ਸੀ ਉਹ ਕੁੜੀ ?
ਸ਼ਾਇਦ....!
ਕੋਈ ਕਮਲੀ ਹੀ ਹੋਣੀ ਏ

## ਹਮਸਫ਼ਰ

ਵਕਤ ਆ ਗਿਆ ਹੁਣ ਮੇਰੇ ਜਾਣ ਦਾ
ਡਾਹ ਦਿਉ ਮੰਜਾ ਵਿਹੜੇ ਵਿੱਚ ਬਾਣ ਦਾ

ਲੰਘ ਨਾ ਜਾਵੇ ਫਿਰ ਉਮਰ ਮੇਰੀ ਯਾਰੋ
ਹੋ ਗਿਆਂ ਮੈਂ ਮੌਤ ਰਾਣੀ ਦੇ ਹਾਣ ਦਾ

ਕੁੱਝ ਪਲ ਹੋਰ ਰੱਜ-ਰੱਜ ਤੱਕ ਲਵੋ,
ਫਿਰ ਨਹੀਓਂ ਮੈਂ ਕਿਸੇ ਨੂੰ ਸਿਆਣ ਦਾ

ਯਾਰ ਦੇ ਹੱਥੀਂ ਕੱਢੀ ਚਿੱਟੀ ਚਾਦਰ ਦੇਵੋ,
ਸ਼ੌਕ ਨਹੀਂ ਰੱਖਿਆ ਹੋਰ ਲਿਬਾਸ ਪਾਣ ਦਾ

ਅੱਖਾਂ ਦੀ ਛਾਨਣੀ ਜਵਾਬ ਦੇ ਗਈ ਹੁਣ
ਬੱਸ ਥੱਕ ਗਿਆਂ ਚੰਗੇ-ਮੰਦੇ ਛਾਣ ਦਾ

ਜ਼ਿੰਦਗੀ ਦੀ ਬੇਰੁਖ਼ੀ ਤੋਂ ਅੱਕ ਗਿਆ 'ਗਿੱਲ'
ਨਹੀਂ ਤਾਂ ਮੌਤ 'ਚ ਹਮਸਫ਼ਰ ਕਿਉਂ ਪਛਾਣ ਦਾ

ਗੁਰਪ੍ਰੀਤ ਤੰਗੋਰੀ
preettangori@yahoo.co.in

# ਹਲਕੇ-ਫੁਲਕੇ ਖ਼ਿਆਲ

ਨੇੜੇ-ਤੇੜੇ ਵਾਪਰਦਾ ਜਾਂ ਪਿੰਡੇ ਉੱਤੇ ਹੰਡਾਵਾਂ,
ਹਲਕੇ-ਫੁਲਕੇ ਖ਼ਿਆਲਾਂ ਨੂੰ ਮੈਂ ਕਾਗਜ਼ 'ਤੇ ਲਿਖੀ ਜਾਵਾਂ ।

ਸਾਹਿਤ ਦੀ ਮੈਨੂੰ ਕੋਈ ਸੋਝੀ ਨਹੀਂ ਹੈ, ਨਾ ਮੈਂ ਕੋਈ ਸ਼ਾਇਰ,
ਮੈਂ ਕੀ ਜਾਣਾਂ ਕੀ ਹੁੰਦੇ ਨੇ, ਗੀਤ, ਗ਼ਜ਼ਲਾਂ, ਕਵਿਤਾਵਾਂ ।

ਨਾਂ ਮੈਂ ਕਿਸੇ ਦੇ ਨੈਣੀ ਡੁੱਬਿਆ, ਨਾਂ ਬੈਠਾ ਜ਼ੁਲਫਾਂ ਦੀ ਛਾਵੇਂ,
ਲਿਖਣ ਲਈ ਨੇ ਕਾਫੀ ਮੇਰੇ, ਪਿੰਡ ਦੀਆਂ ਸੋਹਣੀਆਂ ਰਾਹਵਾਂ ।

ਆਪਣਿਆਂ ਦੇ ਦਿੱਤੇ ਦਰਦ ਬਥੇਰੇ, ਕਾਹਦੇ ਸ਼ਿਕਵੇ ਗ਼ੈਰਾਂ 'ਤੇ,
ਹੰਝੂਆਂ ਵਿੱਚ ਦਰਦ ਮਿਲਾਕੇ, ਨਿੱਤ ਨਵੀਂ ਤਸਵੀਰ ਬਣਾਵਾਂ ।

ਪ੍ਰਕ੍ਰਿਤੀ ਨੂੰ ਪਿਆਰ ਕਰਾਂ, ਕੁਦਰਤ ਦੇ ਨਾਲ ਯਾਰੀ ਹੈ,
ਹਰ ਰੁੱਤ ਮੈਨੂੰ ਚੰਗੀ ਲਗਦੀ, ਕੀ ਧੁੱਪਾਂ ਤੇ ਕੀ ਛਾਵਾਂ ।

ਦੂਰ ਦੁਨੀਆਂ ਤੋਂ ਬਹਿ ਇਕੱਲਾ, ਮੈਂ ਖ਼ੁਦ ਨਾਲ ਗੱਲਾਂ ਕਰ ਲੈਂਦਾ,
ਦੋਸਤ, ਮਿੱਤਰਾਂ ਨੂੰ ਭੇਜ ਦੇਵਾਂ ਸੁਨੇਹਾ, ਮੈਂ ਅਕਸਰ ਹੱਥ ਹਵਾਵਾਂ ।

ਇੰਟਰਨੈੱਟ, ਈ-ਮੇਲ ਤੇ ਫੋਨ ਵੀ, ਬੇਸ਼ੱਕ ਮੇਰੇ ਕੋਲ ਪਏ,
ਪਰ ਅੱਜ ਵੀ ਕਈਆਂ ਨੂੰ ਮੈਂ, ਲੰਮੇ ਖ਼ੱਤ ਲਿਖ-ਲਿਖ ਪਾਵਾਂ ।

ਸੱਚ ਨੂੰ ਸੱਚ ਕਹਿ ਕੇ 'ਤੰਗੋਰੀ' ਕਈ ਵਾਰੀ ਝੂਠਾ ਪੈ ਗਿਆ,
ਦਸਤੂਰ ਦੁਨੀਆਂ ਦਾ ਹੈ ਹੀ ਇੱਦਾਂ, ਸੋਚ ਕੇ ਮਨ ਸਮਝਾਵਾਂ ।

## ਮੇਰਾ ਖਾਬ

ਮੇਰੇ ਤੋਂ ਬਾਅਦ ਛਪ ਕੇ ਆਵੇਗੀ ਮੇਰੀ ਕਿਤਾਬ,
ਮੇਰੇ ਮਰਨ 'ਤੇ ਨੀਰ ਵਹਾਵੇਗੀ ਮੇਰੀ ਕਿਤਾਬ ।

ਲੋੜਾਂ-ਥੋੜਾਂ ਹੀ ਜ਼ਿੰਦਗੀ ਦਾ ਹਿੱਸਾ ਰਹੀਆਂ ਸਦਾ,
ਕੀ ਮੇਰੇ ਵਾਂਗ ਹੀ ਠੋਕਰਾਂ ਖਾਵੇਗੀ ਮੇਰੀ ਕਿਤਾਬ ?

ਇੱਕੋ ਖਾਬ ਸੀ ਉਸਨੂੰ ਹੱਥਾਂ 'ਚ ਲੈ ਕੇ ਚੁੰਮਣ ਦਾ,
ਕੀ ਖਾਬ ਹੀ ਬਣ ਰਹਿ ਜਾਵੇਗੀ ਮੇਰੀ ਕਿਤਾਬ ?

ਕੋਈ ਤਾਂ ਹੋਵੇਗਾ ਹੀ ਜੋ ਇਸ ਨੂੰ ਸੀਨੇ ਲਾਵੇਗਾ,
ਕਿਸੇ ਨਾ ਕਿਸੇ ਦੀ ਨੀਂਦ ਚੁਰਾਵੇਗੀ ਮੇਰੀ ਕਿਤਾਬ ।

ਆਪਣੇ ਸੁਫ਼ਨਿਆਂ ਨੂੰ ਹੱਥੀਂ ਅੱਗ ਲਾਉਣੀ ਪਈ ਹੈ,
ਅਧੂਰੇ ਸਭ ਖਾਬਾਂ ਦੀ ਬਾਤ ਪਾਵੇਗੀ ਮੇਰੀ ਕਿਤਾਬ ।

ਸਜ-ਵਿਆਹੀ ਵਾਂਗ ਸਜਾਏ ਸੁੱਚੇ ਮੋਤੀਆਂ ਵਰਗੇ ਅੱਖਰ,
ਸਭਨਾਂ ਲਈ ਸੱਚ ਦਾ ਸੁਨੇਹਾ ਲਿਆਵੇਗੀ ਮੇਰੀ ਕਿਤਾਬ ।

ਕਈਆਂ ਨੂੰ ਮਹਿਬੂਬ ਵਾਂਗਰ ਜਾਪੇਗੀ 'ਪ੍ਰੀਤ',
ਕਈਆਂ ਦੇ ਦਿਲ ਵੀ ਜਲਾਵੇਗੀ ਮੇਰੀ ਕਿਤਾਬ ।

ਪ੍ਰਿੰਸ ਕੋਚਰ
kp.the.grt@gmail.com

## ਮਰਜ਼ੀ ਤਾਂ ਰੱਬ ਦੀ

ਮਰਜ਼ੀ ਤਾਂ ਰੱਬ ਦੀ ਜੀ ਉਹ ਕਿਥੇ ਰੱਖਦੈ,
ਕਿਰਪਾ ਤਾਂ ਉਸੇ ਦੀ ਏ ਉਹ ਕਿਥੇ ਰੱਖਦੈ

ਜ਼ਮਾਨਾ ਕਲਯੁੱਗੀ ਸਿੱਧੀ ਸੇਧ ਕੋਈ ਨਾ,
ਸਾਧੂ ਕਿ ਪਖੰਡੀ ਯਾਰੋ ਭੇਦ ਕੋਈ ਨਾ,
ਸਾਥ ਦਿੰਦਾ ਹੱਕ ਤੇ ਹਲਾਲ ਦੀ ਜੋ ਸ਼ੱਕਦੈ
ਮਰਜ਼ੀ ਤਾਂ ਉਸੇ ਦੀ ਏ ਉਹ ਕਿਥੇ ਰੱਖਦੈ ...

ਸੱਚਿਆਂ ਤੇ ਸੁੱਚਿਆਂ ਨੂੰ ਥੋੜ੍ਹ ਕੋਈ ਨਾ,
ਭਾਣੇ ਵਿੱਚ ਚੱਲ ਕੱਟ ਮੋੜ ਕੋਈ ਨਾ,
ਚੰਦ ਵਾਂਗੂੰ ਰਹੇ ਕੋਈ ਸੂਰਜ ਵਾਂਙ ਭੱਖਦੈ
ਕਿਰਪਾ ਤਾਂ ਉਸੇ ਦੀ ਏ ਉਹ ਕਿਥੇ ਰੱਖਦੇ...

ਇੱਕੋ ਹੀ ਹੈ ਦਾਤਾ ਯਾਰੋ ਚੰਗੇ-ਮੰਦੇ ਦਾ,
ਵੱਸ ਨਹੀਉਂ ਚੱਲਦਾ ਲੇਖਾਂ ਤੇ ਬੰਦੇ ਦਾ,
ਫਰਸ਼ਾਂ ਤੋਂ ਅਰਸ਼ਾਂ ਤੇ ਕਦੋਂ, ਕਿਵੇਂ ਚੱਕਦੈ
ਮਰਜ਼ੀ ਤਾਂ ਰੱਬ ਦੀ ਜੀ ਉਹ ਕਿੱਥੇ ਰੱਖਦੈ ...

ਆਦਮੀ ਤਾਂ ਵੱਡੇ-ਵੱਡੇ ਸੁਪਨੇ ਸਜਾਂਉਂਦਾ ਏ,
ਪੜ੍ਹੀ ਜਾਵੇ ਬਾਣੀ ਕੋਈ ਢੋਲੇ ਦੀਆਂ ਲਾਉਂਦਾ ਏ,
ਵੱਡੇ-ਵੱਡੇ ਪਾਪੀਆਂ ਦੇ ਪਾਪ ਵੀ ਉਹ ਢੱਕਦੈ
ਮਰਜ਼ੀ ਤਾਂ ਓਸੇ ਦੀ ਹੈ ਉਹ ਕਿਥੇ ਰੱਖਦੈ ...

ਲਿਖ ਗੀਤ 'ਕੋਚਰਾ' ਕਿਉਂ ਢੇਰੀਆਂ ਤੂੰ ਢਾਹੁੰਦਾ ਏ.,
ਜੱਗ ਹੈ ਗਵਾਹ ਉਹ ਫ਼ਲ ਮਿਹਨਤਾਂ ਨੂੰ ਲਾਉਂਦਾ ਏ,
ਕਰਦਾ ਏ ਭਲਾ, ਸਭ ਦਾ ਜੋ ਭਲਾ ਮੰਗਦੈ
ਕਿਰਪਾ ਤਾਂ ਉਸੇ ਦੀ ਹੈ ਉਹ ਕਿਥੇ ਰੱਖਦੈ।

# ਗੀਤ

ਪਿੰਡ ਸਾਡੇ ਵਿਚ ਹੁਣ ਤਾਂ ਲੋਕੋ ਸ਼ਹਿਰ ਵੱਸਦੈ
ਮੇਰੇ ਪਿੰਡ ਯਾਰੋ ਹੁਣ ਸ਼ਹਿਰ ਵੱਸਦੈ

ਮਾਂ ਬੋਲੀ ’ਤੇ ਸਭਿਆਚਾਰ, ਮੈਨੂੰ ਹੁੰਦਾ ਲੱਗੇ ਪਰਾਇਆ
ਟੋਹਰੀਪਨ ਦਾ ਰਸਮਾਂ ਉੱਤੇ ਪੈਂਦਾ ਜਾਂਦਾ ਸਾਇਆ
ਸ਼ਹਿਰੀਪਨ ਨਾਮੀ ਨਾਗ ਲੋਕਾਂ ਨੂੰ ਜਾਂਦਾ ਡੱਸਦੈ
ਪਿੰਡ ਸਾਡੇ ਵਿਚ ਹੁਣ .....

ਨਾ ਭਾਈਆਂ ਵਿਚ ਏਕਾ, ਨਾ ਹੀ ਮਹਿਫਿਲ ਸੱਥਾਂ ’ਤੇ
ਮਿੱਟੀ ਲੱਗਣ ਦੇਣ ਨਾ ਅੱਜ-ਕੱਲ੍ਹ, ਮੁੰਡੇ ਸ਼ੌਂਕੀ ਹੱਥਾਂ ’ਤੇ
ਦਿਲ ਵਿਚ ਵਸੀਆਂ ਖਾਰਾਂ ਉੱਤੇ ਹਰ ਕੋਈ ਹੱਸਦੈ
ਪਿੰਡ ਸਾਡੇ ਵਿਚ ਹੁਣ .....

ਨਾ ਵਿਹੜੇ ਨਾ ਚੌਂਕਾ, ਉੱਚੀਆਂ ਕੋਠੀਆਂ ਕਾਗ ਨੇ
ਨਾ ਫੁੱਲਾਂ ਵਾਲੇ ਸੂਟ ਦਿਸਣ ਜੀਨਾਂ ਵਿਚ ਮੁਟਿਆਰਾਂ ਨੇ
ਹਰ ਗਲ਼ੀ ਮੋੜ੍ਹ ’ਤੇ ਆਸ਼ਕਾਂ ਦਾ ਹੀ ਅੱਡਾ ਲੱਗਦੈ
ਪਿੰਡ ਸਾਡੇ ਵਿਚ ਹੁਣ .....

ਮਾਪਿਆਂ ਦੇ ਸਹਾਰੇ ਕਈ ਨਸ਼ਿਆਂ ਨੇ ਫੂਕ ਦਿੱਤੇ
ਬਾਪੂ ਦੀ ਵੀ ਭੌਂ ਵੇਚਤੀ ਸਾਂਭਣੇ ਕੀ ਸੀ ਕਿੱਤੇ
ਪਿੰਡ ਪਲੇਹੜੀ ਤੋਂ ਕੋਚਰਾਂ ਸੱਤੀ ਸੱਚੀਆਂ ਦੱਸਦੈ
ਪਿੰਡ ਸਾਡੇ ਵਿਚ ਹੁਣ .....

ਜਗਤਾਰ ਸਿੰਘ ਦਿਓਲ
jagtarsinghdeol@gmail.com

## ਕਿਤਾਬ ਦੀ ਆਤਮਕਥਾ

ਰੁੱਖਾਂ ਦੀਆਂ ਕੁੱਖਾਂ ਤੋਂ
ਇੱਕ ਸ਼ਾਇਰ ਦੀ ਸੋਚ ਨੇ,
ਮੈਨੂੰ ਜ਼ਮਾਨੇ ਦੇ ਹੱਥਾਂ ਦੀ
ਕਿਤਾਬ ਬਣਾ ਦਿੱਤਾ।

ਗਿਆਨ, ਰੂਹ ਹੈ ਮੇਰੀ
ਸੁਹਜ, ਫਲ ਮੈਂ ਖੁਆਵਾਂ,
ਸ਼ੀਤਲ ਕਰਮ ਨੇ ਮੇਰੇ
ਵਸ ਰੂਹ ਤੱਕ ਜਾਵਾਂ,
ਜੋ ਕਰਦਾ ਮੌਸੀਕੀ
ਉਹ ਬੋਲਦਾ ਹੈ ਆਪੇ,
ਤੇਰੀ ਰਹਿਮਤ ਨੇ ਮੈਨੂੰ
ਇੰਨਸਾਨ ਬਣਾ ਦਿੱਤਾ,
ਜਿਵੇਂ ਰੁੱਖਾਂ ਦੀਆਂ ...।

ਸਿਆਣੇ ਕਹਿੰਦੇ ਨੇ ਸਮਾਂ
ਹੈ ਬੜਾ ਬਲਵਾਨ,
ਬੇਬਫਾਈ ਤੇ ਧੋਖਾ
ਫ਼ਿਤਰਤ-ਏ-ਇੰਨਸਾਨ,
ਜਿਹਨੂੰ ਦਿੱਤਾ ਸੀ ਗਿਆਨ
ਮੈਂ ਬਣਾਇਆ ਇੰਨਸਾਨ,
ਉਹਨੇ ’ਲਮਾਰੀਆਂ ’ਚ ਪਾ ਕੇ
ਮੈਨੂੰ ਗ਼ੁਲਾਮ ਬਣਾ ਦਿੱਤਾ,
ਜਿਵੇਂ ਰੁੱਖਾਂ ਦੀਆਂ ...।

ਸੋਚਦੀ ਹਾਂ ਕਿਉਂ ਐਨਾ
ਬਦਲ ਗਿਆ ਇੰਨਸਾਨ,
ਗਲ਼ੇ ਧਰਮ ਦੀ ਮਾਲਾ ਪਾ ਕੇ
ਬੁੱਕਲ ਦੇ ਵਿੱਚ ਛੁਰੀ ਲੁਕਾਕੇ,
ਸਾਧੂ ਨੂੰ ਇਹ ਗੁਰੂ ਬਣਾਕੇ
ਕਿਉਂ ਵੇਚ ਰਿਹਾ ਈਮਾਨ ?
ਲਗਦਾ ਪੈਸੇ ਦੀ ਦੌੜ ਨੇ
ਇਹਨੂੰ ਹੈਵਾਨ ਬਣਾ ਦਿੱਤਾ,
ਜਿਵੇਂ ਰੁੱਖਾਂ ਦੀਆਂ ...।

ਹੱਥ ਜੋੜ ਕੇ ਕਰੂੰਗੀਂ
ਬੱਸ ਇੱਕੋ ਫ਼ਰਿਆਦ,
ਤੁਸੀਂ ਦਿਲੋਂ ਨਾ ਵਿਸਾਰੋ
ਭਵਿੱਖ ਕਰੂੰ ਮੈਂ ਆਬਾਦ,
ਮੇਰਾ ਦਿਨ ਤਾਂ ਮਨਾਉਂਦੇ
ਮੈਨੂੰ ਕਰੋ ਵੀ ਆਜ਼ਾਦ,
ਮੇਰੀ ਗ਼ੁਲਾਮੀ ਨੇ ਧਰਤੀ ਨੂੰ
ਅਗਿਆਨੀ ਬਣਾ ਦਿੱਤਾ,
ਜਿਵੇਂ ਰੁੱਖਾਂ ਦੀਆਂ ...।

ਫੜ ਹੱਥ 'ਚ ਮਸ਼ਾਲ
ਸਭ ਦਰਾਂ 'ਤੇ ਮੈਂ ਜਾਣਾ,
ਖੁੱਲੇ ਰੱਖਣਾ ਤੁਸਾਂ ਬੂਹੇ
ਮੈਂ ਖਾਲੀ ਹੱਥ ਨਹੀਓਂ ਆਣਾ,
ਸਿੱਖੋ 'ਦਿਓਲ' ਤੋਂ ਵੀ ਕੁਝ
ਕਦੇ ਸੱਖਣਾ ਸੀ ਮੈਥੋਂ,
ਅੱਜ ਪੜ੍ਹ ਕੇ ਕਿਤਾਬ
ਮੈਨੂੰ ਅਮਰ ਬਣਾ ਦਿੱਤਾ,
ਜਿਵੇਂ ਰੁੱਖਾਂ ਦੀਆਂ....।

## ਸੋਚਦਾ ਹਾਂ ਕਿਉਂ ?

ਸੋਚਦਾ ਹਾਂ, ਮੇਰੇ 'ਚ ਕਿਉਂ
ਐਨੀਂ ਚੁੱਪ ਜਿਹੀ ਛਾ ਗਈ ?

ਕਿਉਂ ਨੀ ਲੰਘੀ ਹਵਾ
ਅੱਜ ਪੱਤਿਆਂ ਨੂੰ ਛੋਹ ਕੇ ?
ਕਿਉਂ ਅੱਧੀ ਰਾਤੀਂ
ਕਾਲੀ ਧੁੱਪ ਜਿਹੀ ਛਾ ਗਈ ?

ਕਿਉਂ ਅੰਬਰਾਂ ਦੇ ਗਲ਼ ਲੱਗ
ਚਿੱਤ ਕਰੇ ਮੇਰਾ ਰੋਣ ਨੂੰ ?
ਕਿਉਂ ਕਰਦਾ ਏ ਚਿੱਤ
ਫ਼ੱਟ ਖ਼ੂਨ ਨਾਲ ਧੋਣ ਨੂੰ ?

ਕਿਉਂ ਫੇਰ ਦੇਖ ਬੈਠਾਂ
ਸੀਨੇ ਵੱਜੇ ਡੰਗ ਹਿਜ਼ਰਾਂ ਦੇ ?
ਕਿਉਂ ਛੱਡ ਮੈਨੂੰ ਓਹ
ਪ੍ਰੀਤਾਂ ਹੋਰ ਨਾਲ ਲਾ ਗਈ ?

ਕਿਉਂ ਨਾ ਹੋ ਸਕੀ ਮੋਮ
ਵੇਖ ਵਹਿੰਦਾ ਖ਼ੂਨ ਬਾਹਾਂ ਵਾਲਾ ?
ਕਿਉਂ ਝੋਲ਼ੀ ਕਬਰਾਂ ਦੀ
ਉਹ 'ਦਿਓਲ' ਨੂੰ ਹੀ ਪਾ ਗਈ ?

ਵਿਸ਼ਾਲ ਮੋਂਗਾ
vishal7785@gmail.com

## ਗੰਗਾ

'ਗੰਗਾ', ਜਦ ਵੀ ਇਹ ਲਫ਼ਜ਼
ਕਿਸੇ ਜ਼ੁਬਾਨ, 'ਤੇ ਸੁਣਦਾਂ
ਤਾਂ ਖ਼ਿਆਲ ਅਕਸਰ
ਜਟਾਵਾਂ 'ਚੋਂ ਨਿਕਲਦੀ
ਪਵਿੱਤਰ ਧਾਰ 'ਤੇ
ਜਾ ਟਿਕਦਾ
ਕੁਝ ਘੰਟੀਆਂ ਦਾ ਸ਼ੋਰ
ਕੰਨਾਂ ਨੂੰ
ਸੋਚਣ 'ਤੇ ਮਜਬੂਰ ਕਰਦਾ
ਅੱਖਾਂ ਬਲਦੇ ਦੀਵਿਆਂ
ਨਾਲ ਬਲ਼ ਜਾਂਦੀਆਂ
ਸਾਧਨਾ 'ਚ ਡੁੱਬੇ ਜੋਗੀ
ਖ਼ਿਆਲਾਂ ਨੂੰ ਨਸ਼ਾ ਦਿੰਦੇ
'ਤੇ ਮੈਂ ਅਕਸਰ
ਪਾਣੀ 'ਚ ਚੁਭੀਆਂ
ਮਾਰਦੇ ਲੋਕਾਂ ਨੂੰ ਵੇਖ
ਆਪਣੇ ਪਾਪ ਬਖਸ਼ੌਣ
ਦੀ ਗੱਲ ਸੋਚਦਾ

ਪਰ ਫਿਰ
ਜਦ ਖ਼ਿਆਲ
ਸਭ ਹੱਦਾਂ
ਸਭ ਦੀਵਾਰਾਂ
ਟੱਪ ਜਾਂਦੇ
ਤਾਂ ਲਗਦਾ
ਜੇ ਸਚਮੁਚ ਪਾਪ
ਪਾਣੀਆਂ ਨਾਲ ਹੀ
ਧੋਤੇ ਜਾਂਦੇ ਤਾਂ
ਚੰਗੇ ਕੰਮਾਂ ਦੀ
ਦੁਹਾਈ ਕੌਣ ਦਿੰਦਾ,
ਈਸਾ ਸੂਲੀ ਨਾ ਚੜ੍ਹਦਾ,
ਨਾ ਚਮਕੌਰ ਦੀ ਗੜ੍ਹੀ
ਲਹੂ ਨਾਲ ਲਾਲ ਹੁੰਦੀ,
ਨਾ ਹੀ ਨਾਨਕ
ਬਾਬਰ ਦੀ ਚੱਕੀ ਪੀਂਹਦਾ,
ਜੇ ਪਾਪ
ਪਾਣੀਆਂ ਨਾਲ ਹੀ
ਧੋਤੇ ਜਾਂਦੇ ਤਾਂ
ਕ੍ਰਿਸ਼ਨ ਨੇ ਨਹੀਂ ਸੀ ਦੇਣਾ
ਗੀਤਾ ਦਾ ਉਪਦੇਸ਼...।

## ਤੁਹਾਡੀਆਂ ਗੱਲਾਂ

ਤੁਹਾਡੀਆਂ ਗੱਲਾਂ
ਸਾਨੂੰ ਸਮਝ ਨਹੀ ਪੈਣੀਆਂ
ਨਾ ਹੀ ਅਸੀਂ ਇਹਨਾਂ ਨੂੰ
ਸੁਣ ਪਾਉਂਦੇ ਹਾਂ
ਅਸੀਂ ਤਾਂ ਹੁਣ ਸਿਰਫ਼
ਸੜਕਾਂ ਦੀ ਭੱਜ-ਦੌੜ
ਪਾਰਲੀਆਮੈਂਟ ਦੀ ਨਾਟਕੀ ਬਹਿਸ
ਭੁੱਖੀਆਂ ਚੀਕਾਂ
ਟੁੱਟੀਆਂ ਚੂੜੀਆਂ
ਵਿਲਕਦੀਆਂ ਸੱਧਰਾਂ
ਜਾਂ ਫਿਰ
ਪਾਗਲ ਹਵਾਵਾਂ ਦੀ
ਸ਼ਾਂ-ਸ਼ਾਂ ਹੀ ਸੁਣਦੇ ਹਾਂ

ਤੁਸੀਂ ਜਿਹਨਾਂ
ਕਬੂਤਰਾਂ ਦੀ ਗੱਲ ਕਰਦੇ ਹੋ
ਇਹ ਸਾਡੇ ਖਾਬਾਂ 'ਚ ਨਹੀਂ ਉੱਡਦੇ
ਤੇ ਨਾ ਹੀ
ਇਹ ਸਾਡੇ ਸੁਨੇਹੇ
ਸੰਸਦ ਦੀਆਂ ਖਿੜਕੀਆਂ
ਤੱਕ ਲੈ ਕੇ ਜਾਂਦੇ ਹਨ
ਸਾਡੀਆਂ ਅੱਖਾਂ 'ਚ
ਸੁਫ਼ਨਿਆਂ ਦੀ ਥਾਂ
ਦੋ ਰੋਟੀਆਂ ਘੁੰਮਦੀਆਂ ਨੇ
ਤੇ ਸਾਨੂੰ ਦਿਲਾਂ ਤੋਂ ਵੱਧ
ਰਹਿਣ ਲਈ
ਘਰਾਂ ਦੀ ਲੋੜ ਮਹਿਸੂਸ ਹੁੰਦੀ ਹੈ

ਕਿੰਨਾ ਚਿਰ ਦੱਸੋ
ਤੁਸਾਂ ਨੇ ਕੰਨਾਂ 'ਚ
ਮਜਬੂਰੀ ਦੀਆਂ ਉਂਗਲਾਂ ਪਾ
ਮੂੰਹ ਦੇ ਆਕੜੇ ਹਾਸੇ ਤੋਂ
ਕੰਮ ਲੈਣਾ ਹੈ

ਜਾਂ ਫਿਰ
ਭੁੱਖ ਨਾਲ ਗੁੰਨੇ ਢਿੱਡ
ਪਰਦਰਸ਼ਨੀ 'ਤੇ ਲਾ
ਹੈ ਵਾਹ ਵਾਹ ਖੱਟਣੀ

ਚਲੋ !
ਹੁਣ ਤੁਸੀਂ ਵੀ
ਇੰਨਸਾਨਾ ਦੀ ਗੱਲ ਕਰੋ
ਚੰਨ ਤਾਰਿਆਂ ਦੀਆਂ ਦੂਰੀਆਂ
ਵਿਗਿਆਨੀਆਂ ਨੂੰ ਮਾਪਣ ਦਿਓ
ਕਿਉਂਕਿ
ਹੁਣ ਦੂਰੀ ਦਾ ਨਹੀਂ
ਨੇੜਤਾ ਦਾ ਮਸਲਾ ਹੈ
ਤੁਹਾਡੇ ਧਰਮਾਂ ਨਾਲੋਂ ਵੱਧ
ਸਾਡੀ ਹੋਂਦ ਨੂੰ ਖ਼ਤਰਾ ਹੈ
ਤੁਹਾਡੀਆਂ ਗੱਲਾਂ ਤਾਂ
ਸਚਮੁਚ ਹੁਣ ਸਮਝ ਨਹੀਂ ਪੈਂਦੀਆਂ
ਤੇ ਇੰਝ ਜਾਪਦਾ ਹੈ
ਹੁਣ ਤੁਹਾਨੂੰ ਵੀ
ਅਸਾਡੀਆਂ ਗੱਲਾਂ ਸਮਝ ਨਹੀਂ ਪੈਣੀਆਂ ...।

## ਭਾਫ਼ ਜਿਹਾ ਪਰਛਾਵਾਂ

ਕਈ ਵਾਰ ਸੋਚਦਾਂ
ਸਮਿਆਂ ਨੂੰ ਸਲੀਬਾਂ 'ਤੇ
ਚੜ੍ਹਾ ਦੇਵਾਂ
ਰੋਲ ਦਿਆਂ ਮਿੱਟੀ 'ਚ
ਇਤਿਹਾਸ 'ਚ ਭਿੱਜੇ ਸਫ਼ੇ
ਕਰ ਦਿਆਂ ਖੱਪੇ
ਕੱਲ੍ਹ ਦਿਆਂ ਦਿਸਹੱਦਿਆਂ 'ਚ
'ਤੇ ਮਲ਼ ਕੇ ਅੱਜ ਚਿੱਕੜ
ਟੱਪ ਜਾਵਾਂ

ਵਕਤ ਦੀਆਂ ਸਭ ਦੀਵਾਰਾਂ
ਤਾਂ ਜੋ
ਮਿਲ ਸਕਾਂ ਖ਼ੁਦ ਨੂੰ
ਅੱਜ ਤੇ ਕੱਲ੍ਹ ਦੀ
ਨਿਰੰਤਰ ਭੱਜ-ਦੌੜ ਤੋਂ
ਉਸ ਪਾਰ
ਖਾਲੀ ਜਿਹੇ ਖਾਲੀਪਨ 'ਚ
ਜਿਸ ਵਿਚ ਨਹੀਂ ਹੋਵੇਗਾ
ਮਿਲਣਾ ਤੇ ਵਿਛੜਨਾ
ਰੁਕਨਾ ਜਾਂ ਚੱਲਣਾ
ਨਾ ਹੀ
ਵੰਨ-ਸੁਵੰਨੇ ਰੰਗਾਂ ਦੇ ਧੱਬੇ
ਜੇ ਹੋਵੇਗਾ ਤਾਂ ਬਸ
ਇਕ ਭਾਫ਼ ਜਿਹਾ
ਪਰਛਾਵਾਂ
ਜਿਸ ਨੂੰ ਨਹੀਂ ਹੋਵੇਗਾ ਡਰ
ਜੰਮਣ ਜਾਂ ਮਰਨ ਦਾ

## ਜ਼ਿੰਦਗੀ

ਹੁਣ ਤੇਰੇ ਮੈਂ ਹੱਥ ਨਹੀਂ ਆਉਣਾ ਜ਼ਿੰਦਗੀ
ਹੁਣ ਮੈਂ ਤੈਨੂੰ ਨਹੀਂ ਬੁਲਾਉਣਾ ਜ਼ਿੰਦਗੀ

ਲਿਖ ਕੇ ਤੈਨੂੰ ਰੀਝ ਦੀ ਦੀਵਾਰ ’ਤੇ
ਫਿਰ ਮੈਂ ਆਪੇ ਹੀ ਮਿਟਾਉਣਾ ਜ਼ਿੰਦਗੀ

ਬਲ ਗਿਆ ਭਾਂਬੜ ਜਦੋਂ ਜਜ਼ਬਾਤ ਦਾ
ਵਰਕਿਆਂ ’ਤੇ ਫਿਰ ਸਤਾਉਣਾ ਜ਼ਿੰਦਗੀ

ਬਦਲ ਦੇਣੇ ਹੁਣ ਤੇਰੇ ਵੀ ਮਾਇਨੇ
ਕਈ ਖਾਲਾਵਾਂ ਵਿਚ ਭਜਾਉਣਾ ਜ਼ਿੰਦਗੀ

ਸੁਫ਼ਨੇ ਵਿਚ ਵੀ ਕਦੇ ਨਹੀਂ ਸੀ ਸੋਚਿਆ
ਬੋਝ ਤੇਰਾ ਸਿਰ ਉਠਾਉਣਾ ਜ਼ਿੰਦਗੀ

## ਹੁਣ ਨਾ ਪਰਤੀਂ

ਹੁਣ ਮੈਂ ਖ਼ਾਲੀ ਹੋ ਗਿਆਂ
ਮੇਰੇ ਵਿੱਚ ਤੇਰੇ ਜਿਹਾ
ਕੁਝ ਵੀ
ਬਾਕੀ ਨਹੀਂ ਰਿਹਾ
ਇਹ ਜ਼ਿੰਦਗੀ ਜੋ ਕਦੇ
ਔੜਾਂ ਵਿੱਚ ਵੀ
ਪੈਲਾਂ ਪਾਉਂਦੀ ਸੀ
ਥਲਾਂ 'ਚ ਬਣੇ ਝਰਨੇ ਵਾਂਗ
ਮਿਰਗ-ਤ੍ਰਿਸ਼ਨਾਂ ਬਣ ਗਈ ਹੈ
ਜੋ ਆਸ ਤਾਂ ਜਗਾ ਦਿੰਦੀ
ਪਰ ਪਿਆਸ ਨਹੀਂ ਬੁਝਾ ਪਾਉਂਦੀ
ਉਹ ਖ਼ਿਆਲ ਜਿੰਨ੍ਹਾਂ
ਸੀਨੇ 'ਚ ਤੇਰੀਆਂ
ਤਸਵੀਰਾਂ ਬਣਾ ਰੱਖੀਆਂ ਸਨ
ਸਮਿਆਂ ਦੀ ਹਨ੍ਹੇਰੀ ਨੇ
ਤਿਣਕਾ-ਤਿਣਕਾ ਕਰ ਦਿੱਤੇ
ਤੇ ਹੁਣ
ਇਹ ਮੇਰੇ ਵਾਂਗ ਹੀ
ਬੇਪਨਾਹ ਸਦਮਿਆਂ ਦਾ ਭਾਰ ਚੁੱਕੀ
ਭੂਤਕਾਲ ਦੀ ਦਹਿਲੀਜ਼ 'ਤੇ
ਟਿਕਟਿਕੀ ਲਗਾ ਖੜ੍ਹੇ ਹਨ

ਤੂੰ ਆਪਣੇ ਸਫ਼ਰ ਨੂੰ
ਜਿਨ੍ਹਾਂ ਰਾਹਾਂ 'ਤੇ

ਮੁਕਾ ਆਇਆ ਸੀ
ਉਹ ਗੁੰਮਨਾਮ ਰਸਤੇ
ਮੇਰਾ ਪਿੱਛਾ ਨਹੀਂ ਛੱਡਦੇ
ਤੇ ਹੌਲੀ-ਹੌਲੀ ਇਨ੍ਹਾਂ
ਮੈਨੂੰ ਚੌਰਸਤਿਆਂ 'ਚ
ਵੰਡ ਦਿੱਤਾ ਹੈ
ਤੇਰੇ ਮੋਹ 'ਚ ਭਿੱਜੀ
ਮੇਰੀ ਮੁਹੱਬਤ ਹੁਣ
ਦਰ ਦਰ ਦੀਆਂ
ਠੋਕਰਾਂ ਖਾ ਰਹੀ ਹੈ

ਹੁਣ ਤੈਨੂੰ ਵਾਸਤਾ ਹੈ
ਮੁੜ ਨਾ ਆਵੀਂ
ਕਿਤੇ ਇਹ ਨਾ ਹੋਵੇ
ਮੇਰੇ ਜੰਗਲਾਂ ਤੋਂ ਮਾਰੂਥਲ ਹੋਏ
ਅਰਮਾਨ ਵੇਖ
ਤੂੰ ਤਿਹਾਇਆ ਹੀ
ਦਮ ਤੋੜ ਦੇਵੇਂ
ਜਾਂ ਫਿਰ ਮੈਨੂੰ ਭਾਲਦਾ ਕਿਤੇ
ਮੇਰੇ ਚੌਰਸਤਿਆਂ 'ਚ ਗੁੰਮ ਜਾਵੇਂ
ਮੇਰੀ ਅਰਜ਼ ਹੈ
ਹੁਣ ਪਰਤ ਕੇ ਨਾ ਆਵੀਂ
ਕਿਉਂਕਿ
ਮੇਰੇ ਨਾਮ ਦਾ ਮੀਲ ਪੱਥਰ ਤਾਂ
ਤੂੰ ਬਹੁਤ ਪਿੱਛੇ ਹੀ
ਛੱਡ ਆਇਆਂ ਹੈ।

ਗੁਰਪ੍ਰੀਤ ਮਾਨ
g_maan7@yahoo.com

## ਅ.ਗ਼ਜ਼ਲ

ਚੰਨ ਨਦੀ ਦੇ ਵਿਚ ਦਿਸੇ, ਖਰਦਾ ਨਹੀਂ ਹੈ
ਇਕ ਅਧੂਰਾ ਖਾਬ ਹੈ , ਮਰਦਾ ਨਹੀਂ ਹੈ

ਹੱਸ ਕੇ ਰੁਖ਼ਸਤ ਜੋ ਹੋ ਜਾਵੇ ਮਹਿਫਿਲੋਂ
ਹਾਰ ਵੀ ਜਾਵੇ ਤਾਂ ਉਹ ਹਰਦਾ ਨਹੀਂ ਹੈ

ਹਾਦਸੇ ਦਾ ਹੋ ਗਿਆ ਆਦੀ ਹੈ ਇਹ
ਭਰ ਵੀ ਜਾਵੇ ਤਾਂ ਵੀ ਦਿਲ ਵਰ੍ਹਦਾ ਨਹੀਂ ਹੈ

ਤੂੰ ਜੁਦਾ ਹੋਇਆ ਤੇ ਮੈਂ ਇਹ ਜਾਣਿਆ
ਹੁਣ ਬਿਨਾ ਤੇਰੇ ਜ਼ਰਾ ਸਰਦਾ ਨਹੀਂ ਹੈ

ਚੁੰਮ ਲਿਆ ਮੈਂ ਫੁੱਲ ਤੇ ਟਿਕੀ ਤਰੇਲ ਨੂੰ
ਤੇਰੇ ਮੇਰੇ ਵਿਚ ਰਿਹਾ ਪਰਦਾ ਨਹੀਂ ਹੈ

ਮਰ ਗਿਆ ਹੋਣੈ ਉਹ ਚਿਰ ਦਾ ਦੋਸਤੋ
ਉਹ ਜਿਹੜਾ ਹੁਣ ਮਰਨ ਤੋਂ ਡਰਦਾ ਨਹੀਂ ਹੈ

ਸੁਣਦਾ ਕਵਿਤਾ ਮੈਂ ਵੀ ਬਹਿ ਸੰਘਰਸ਼ ਦੀ
ਕੀ ਕਰਾਂ ਇਸ ਨਾਲ ਢਿੱਡ ਭਰਦਾ ਨਹੀਂ ਹੈ

ਹੁੰਦਾ ਹੈ ਤਿਣਕਾ ਤਾਂ ਤਿਣਕਾ ਮਾਨ ਜੀ
ਡੁੱਬ ਹੀ ਜਾਂਦੈ ਆਪ ਜੋ ਤਰਦਾ ਨਹੀਂ ਹੈ

## ਨਜ਼ਮ

ਓ ਮੇਰੇ ਸਾਂਵਲੇ ਚੰਨਾਂ
ਜ਼ਰਾ ਜਿਹਾ ਰਾਹ ਦੇ ਲੰਘਣ ਨੂੰ
ਕਿ ਮੈਂ ਅਟਕ ਗਿਆ ਹਾਂ
ਤੇਰੀ ਚੁੰਨੀ ਦੇ ਪੱਲੇ ਨਾਲ
ਜਿਹੜਾ ਪੂੰਝਦਾ ਰਿਹਾ ਹੈ
ਸਿਰਫ ਅੱਥਰੂ ਅੱਖ ਦੇ...
ਤੇ ਮੈਂ ਉਸੇ ਦੇ ਲੜ ਲੱਗਾ
ਬੰਦ ਕਮਰੇ ਵਿੱਚ
ਹਮੇਸ਼ਾ ਸੋਚਦਾ ਰਹਿਨਾਂ
ਦਿਲ ਨੂੰ ਨੋਚਦਾ ਰਹਿਨਾਂ
ਤੇ ਲਿਖਦਾ ਹਾਂ
ਛਲਾਵੇ ਅੱਖਰਾਂ ਨੂੰ
ਭਿਉਂ ਲਹੂ ਦੇ ਵਿੱਚ
ਤੇ ਸਿੱਲੇ ਲੜ ਨੂੰ
ਚੁੰਮਦਾ ਹਜ਼ਾਰ ਹੀ ਵਾਰੀ
ਹੁਣ ਤਾਂ ਬੰਦ ਕਮਰੇ ਦੀ
ਚੰਨਾਂ ਖੋਲ ਦੇ ਬਾਰੀ
ਮੈਨੂੰ ਸਾਹ ਜ਼ਰਾ ਆਵੇ ....

ਮੇਰੇ ਅਹਿਸਾਸ ਬਿਰਹਾ ਰੱਤੜੇ
ਦੇਖਣ ਰੋਟੀ ਚਲਦੀ ਨੂੰ
ਜਾਂ ਖ਼ਿਆਲ ਵਿੱਚ ਲੈ ਆਵਾਂ
ਸਿਵੇ ਵਿੱਚ ਮਮਤਾ ਜਲਦੀ ਨੂੰ...
ਮੈਨੂੰ ਚੁੰਨੀ ਦੇ ਗੋਟੇ ਤੋਂ
ਜ਼ਰਾ ਆਜ਼ਾਦ ਤੂੰ ਕਰ ਦੇ
ਮੇਰੇ ਬਿਰਹੜੇ ਨੈਣਾਂ ਦੇ ਵਿੱਚ
ਜਜ਼ਬਾ ਕੋਈ ਭਰ ਦੇ
ਹੈ ਮੇਰੀ ਲੋੜ
ਘਰ ਨੂੰ ਵੀ
ਹੈ ਮੇਰੇ ਲੋੜ ਮਿੱਟੀ ਨੂੰ

ਕਦੀ ਫੁਰਸਤ 'ਚ ਮਿਲਾਂਗਾ
ਕਿਸੇ ਸਾਗਰ ਦੇ ਕੰਡੇ 'ਤੇ
ਮੈਂ ਚੁੰਮਣਾ ਰੱਸਾ ਸੂਲ਼ੀ ਦਾ
ਆਂਚ ਜੇ ਆਵੇ ਝੰਡੇ 'ਤੇ
ਮੈਂ ਸੁਲਝਾ ਦੇਵਾਂਗਾ
ਲਟ ਵੀ ਤੇਰੀ
ਉਲਝਦੀ ਹੋਈ
ਪਰ ਸਿਰਫ਼ ਏਸ ਨਾਲ ਲਗਦੀ ਨਹੀਂ
ਗੱਲ ਸੁਲਝਦੀ ਹੋਈ
ਇਸ ਲਈ ਜਾ ਰਿਹਾ ਹਾਂ
ਇਨਕਲਾਬੀ ਰੰਗ ਰੰਗਣ ਨੂੰ
ੳ ਮੇਰੇ ਸਾਂਵਲੇ ਚੰਨਾਂ
ਜ਼ਰਾ ਜਿਹਾ ਰਾਹ ਦੇ ਲੰਘਣ ਨੂੰ ।

## ਇਬਾਦਤ

ਪੜ੍ਹ ਅਲਫ਼, ਅੱਗੇ ਕੀ ਪੜ੍ਹਨਾ ਏ
ਅਸੀਂ ਅੱਲਾਹ ਹੀ ਅੱਲਾਹ ਕਰਨਾ ਏ

ਲਾ ਰਾਖ ਧੂਣੀ ਦੀ ਸ਼ਰੀਰਾਂ 'ਤੇ
ਤੇਰਾ ਲਿਖਣਾ ਨਾਮ ਸ਼ਤੀਰਾਂ 'ਤੇ
ਲੈ ਲੈਣਾ ਯੋਗ ਹੈ ਪੀਰਾਂ ਤੇ
ਫੇਰ ਕਾਸਾ ਹੱਥ ਵਿੱਚ ਫੜ੍ਹਨਾ ਹੈ
ਅਸੀਂ ਅੱਲਾਹ ਹੀ ਅੱਲਾਹ ਕਰਨਾ ਏ

ਪੜ੍ਹ ਲੈਣਾ ਨਾਮ ਗੁਰਾਂ ਦਾ ਵੀ
ਸਿੱਖ ਲੈਣਾ ਗੁਰ ਸੁਰਾਂ ਦਾ ਵੀ
ਰਾਗ ਪਹਿਲੜੇ ਤੋਂ ਧੁਰਾਂ ਦਾ ਵੀ
ਇੱਕ ਇੱਕ ਪੌੜੀ 'ਤੇ ਚੜ੍ਹਨਾ ਹੈ
ਅਸੀਂ ਅੱਲਾਹ ਹੀ ਅੱਲਾਹ ਕਰਨਾ ਏ

ਲੱਭਣਾ ਹੈ ਕ੍ਰਿਸ਼ਨ ਮੁਰਾਰੀ ਵੀ
ਪਵਨ ਪੁੱਤਰ, ਕੁੰਜ ਬਿਹਾਰੀ ਵੀ
ਬ੍ਰਹਮ ਵਿਸ਼ਨੂੰ ਵਾਰੀ ਵਾਰੀ ਵੀ
ਲੱਭ ਦਿਲ ਦੇ ਅੰਦਰ ਧਰਨਾ ਹੈ
ਅਸੀਂ ਅੱਲਾਹ ਹੀ ਅੱਲਾਹ ਕਰਨਾ ਏ

ਬਿਰਹਾ ਸਿੱਖਣਾ ਏ 'ਫ਼ਰੀਦ' ਕੋਲੋਂ
ਮਰਨਾ 'ਮੰਸੂਰ' ਸ਼ਹੀਦ ਕੋਲੋਂ
ਇਬਾਦਤ 'ਖ਼ੁਸਰੋ' ਮੁਰੀਦ ਕੋਲੋਂ
'ਰੂਮੀ' ਜਿਹਾ ਨੱਚ ਕਿਉਂ ਡਰਨਾ ਹੈ
ਅਸੀਂ ਅੱਲਾਹ ਹੀ ਅੱਲਾਹ ਕਰਨਾ ਏ

ਅੱਖ ਮੁਰਸ਼ਦ ਦੀ ਸਾਡੇ ਵੱਲ ਹੋਜੇ
ਫੇਰ ਸਾਡਾ ਮਸਲਾ ਹੱਲ ਹੋਜੇ
ਫੇਰ ਭਾਵੇਂ ਟੋਟੇ ਖੱਲ ਹੋਜੇ
'ਮਾਨਾ' ਸਿਰ ਚਰਨੀਂ ਧਰਨਾ ਹੈ
ਫੇਰ ਅੱਲਾਹ ਹੀ ਅੱਲਾਹ ਕਰਨਾ ਏ
ਅਸੀਂ ਮੌਲਾ ਹੀ ਮੌਲਾ ਕਰਨਾ ਹੈ

# ਸਿਰਨਾਵੇਂ

ਦੱਸ ਦੋਸਤਾ ਕਿਥੋਂ ਲੱਭਾਂ ਮੈਂ ਤੇਰੇ ਸਿਰਨਾਵੇਂ
ਜਿਸਦੇ ਗਰਭ 'ਚ ਬਹਿ ਕੇ ਸਿੱਖੇਂ, ਤੂੰ ਇਹ ਰਾਗ ਸੁਖਾਵੇਂ
ਸ਼ਾਮ ਢਲੀ ਤੇ ਲੱਭਣ ਤੁਰ ਪਏ ਸਭ ਆਪਣੇ ਸਿਰਨਾਵੇਂ
ਸਾਡੇ ਨਾਲੋਂ ਲੰਮੇ ਹੋ ਗਏ, ਸਾਡੇ ਹੀ ਪਰਛਾਵੇਂ...

ਪੱਛਮ ਓਹਲੇ ਸੂਰਜ ਡੁੱਬਿਆ, ਅੰਬਰੀਂ ਛਾਈ ਲਾਲੀ
ਬੀਜ ਕੇ ਰਿਸ਼ਮਾਂ, ਸੇਕ 'ਨਾ ਸਿੰਜ ਕੇ, ਤੁਰ ਗਿਆ ਘਰ ਨੂੰ ਮਾਲੀ
ਧਰਤੀ ਉੱਤੇ ਜੀਵਨ ਡੁੱਲ੍ਹਿਆ, ਬੋਟ ਆਲ੍ਹਣੀਂ ਚਹਿਕਣ
ਜ਼ਹਿਰਾਂ ਅੰਮ੍ਰਿਤ ਹੋ ਹੋ ਡਲਕਣ, ਹਰ ਰੁੱਖ 'ਤੇ ਹਰਿਆਲੀ
ਜੀ ਕਰਦਾ ਹੈ ਪੁੱਛਾਂ ਜਾ "ਤੂੰ ਕਿਹੜੇ ਤਗਮੇਂ ਪਾਵੇਂ?"
ਭੁੱਲੇ ਬੇਮੁਖ ਲੋਕਾਂ ਦੇ ਲਈ ਫੇਰ ਉਦੇ ਹੋ ਜਾਵੇਂ
ਦੱਸ ਸੂਰਜਾ ਕਿਥੋਂ ਲੱਭਾਂ ਮੈਂ ਤੇਰੇ ਸਿਰਨਾਵੇਂ
ਜਿਸਦੇ ਗਰਭ 'ਚ ਬਹਿ ਕੇ ਸਿੱਖੇਂ, ਤੂੰ ਇਹ ਰਾਗ ਸੁਖਾਵੇਂ

ਫੁੱਲ ਖਿੜੇ ਨੇ ਮਹਿਕਾਂ ਵੰਡੀਆਂ, ਘੋਲ ਕੇ ਸ਼ਬਨਮ ਪੀਤੀ
ਰੰਗ ਬਰੰਗੇ ਹਰਿ ਰੰਗ ਰੰਗੇ, ਮਿੱਠਤ ਹਰੀਉਂ ਲੀਤੀ
ਕੰਡਿਆਂ ਨਾਲ ਨਿਭਾਵਣ ਵਾਲੀ ਜੀਵਨ ਜਾਂਚ ਸਿਖਾਵਣ
ਨਿਰਹੰਕਾਰ ਨਿਰਲਾ ਜਿਉਣਾ, ਖਿੜੇ ਰਹਿਣ ਦੀ ਨੀਤੀ
ਭੌਰੇ ਮੱਖੀਆਂ ਸ਼ਹਿਦਾਂ ਦੇਵੇਂ, ਰਾਹੀਆਂ ਨੂੰ ਮਹਿਕਾਵੇਂ
ਪ੍ਰੀਤਮ ਦੀ ਪੁਸਤਕ ਵਿਚ ਸਜਦੈਂ ਯਾ ਚਰਨੀ ਲਗ ਜਾਵੇਂ
ਦੱਸ ਵੇ ਫੁੱਲਾ ਕਿਥੋਂ ਲੱਭਾਂ ਮੈਂ ਤੇਰੇ ਸਿਰਨਾਵੇਂ
ਜਿਸਦੇ ਗਰਭ 'ਚ ਬਹਿ ਕੇ ਸਿੱਖੇਂ, ਤੂੰ ਇਹ ਰਾਗ ਸੁਖਾਵੇਂ

## ਇਕਰਾਰ ਦੀ ਕਵਿਤਾ

ਚਲੋ ਇਕਰਾਰ ਦੀ ਕੋਈ, ਸੁਹਾਨੀ ਬਾਤ ਪਾਉਂਦੇ ਹਾਂ
ਚਲੋ ਸੁਰਾਂਗਲੀ ਕਵਿਤਾ ਨੂੰ, ਮੁੜ ਤੋਂ ਗੁਣਗੁਣਾਉਂਦੇ ਹਾਂ

ਵਾਪਸ ਪਰਤੀਏ ਘਰ ਨੂੰ, ਇਹ ਸੂਰਜ ਢਲਣ ਤੋਂ ਪਹਿਲਾਂ
ਜੋ ਰਾਹ ਮੰਜ਼ਿਲ ਨੂੰ ਲੈ ਜਾਵਣ, ਹਨੇਰੀਂ ਰਲਣ ਤੋਂ ਪਹਿਲਾਂ
ਜਾ ਦੀਵੇ ਬਾਲੀਏ ਘਰ ਵਿਚ, ਚੰਨ ਦੇ ਖਲਣ ਤੋਂ ਪਹਿਲਾਂ
ਹੈ ਵੇਲਾ ਸ਼ਾਮ ਦਾ ਹੋਇਆ, ਘਰਾਂ ਨੂੰ ਪਰਤ ਆਉਂਦੇ ਹਾਂ
ਚਲੋ ਇਕਰਾਰ ਦੀ ਕੋਈ .....

ਜਾਂ ਰੀਝਾਂ ਨੇ , ਜਾਂ ਚੀਜ਼ਾਂ ਨੇ , ਕਿਤੇ ਭਰਮਾ ਲਿਆ ਹੋਣੈ
ਉਹ ਪਾਂਧੀ ਸੀ, ਸਫ਼ਰ ਵਿਚ ਸੀ, ਕਿਸੇ ਗ਼ਲ ਲਾ ਲਿਆ ਹੋਣੈ
ਜਾਂ ਗੁਮਰਾਹ ਹੋ ਗਿਆ ਹੋਣੈ, ਹਨੇਰੇ ਖਾ ਲਿਆ ਹੋਣੈ
ਉਹ ਸਾਥੀ ਨੂੰ ਦੁਆਵਾਂ ਕਹਿ, ਸਫ਼ਰ ਅੱਗੇ ਵਧਾਉਂਦੇ ਹਾਂ
ਚਲੋ ਇਕਰਾਰ ਦੀ ਕੋਈ ....

ਜੇ ਬਣਨਾ ਰੋੜ ਹੈ ਤਾਂ ਫਿਰ, ਕਿਸੇ ਸ਼ਿਲਾ 'ਚ ਜੜ ਜਾਣਾ
ਕਿਤੇ ਨਾ ਭੁੱਲ ਕੇ ਯਾਰੋ ਕਿਸੇ ਦੇ ਰਾਹ 'ਚ ਖੜ ਜਾਣਾ
ਹੈ ਲਿਖਿਆ ਜੋ ਗ੍ਰੰਥਾਂ 'ਚ , ਉਹ ਇਕ ਵਾਰੀ ਤਾਂ ਪੜ੍ਹ ਜਾਣਾ
ਧਰਮ ਕੀ ਦੱਸਦੈ ਮਾਨਾ , ਅਸੀਂ ਪਰ ਕੀ ਬਣਾਉਂਦੇ ਹਾਂ
ਚਲੋ ਇਕਰਾਰ ਦੀ ਕੋਈ .....

## ਜ਼ਿੰਦਗੀ ਦੀ ਲੋਅ

ਜ਼ਿੰਦਗੀ ਯਾਰੋ ਏਦਾਂ ਨਿਆਬ ਹੋ ਗਈ
ਕੰਡਿਆਂ 'ਤੇ ਟਿਕੀ ਤਾਂ ਗੁਲਾਬ ਹੋ ਗਈ

ਇਕ ਪੈਮਾਨੇ ਬਦਲ ਦਿੱਤਾ ਮੌਸਮ ਦਾ ਰੰਗ
ਉਲਟਾ ਪੜ੍ਹਿਆ ਤਾਂ ਬਾਰਸ਼ ਸ਼ਰਾਬ ਹੋ ਗਈ

ਆਈਨਾ ਜੋ ਦਿਖਾਇਆ ਹਸੀਨਾ ਨੂੰ ਮੈਂ
ਦੇਖ ਕੇ ਉਹ ਵੀ ਖ਼ੁਦ ਲਾਜਵਾਬ ਹੋ ਗਈ

ਮੈਂ ਤੇ ਸਰਕਸ਼ ਤਰਾਨੇ ਹੀ ਗਾਉਂਦਾ ਰਿਹਾ
ਇਹ ਮੁਹੱਬਤ ਕਿਵੇਂ ਬੇ-ਹਿਸਾਬ ਹੋ ਗਈ ?

ਲੈ ਗਈ ਰੋੜ੍ਹ ਕੇ ਸਾਰਾ ਦਿਲ ਦਾ ਗ਼ੁਬਾਰ
ਬੂੰਦ ਪਾਣੀ ਦੀ ਕਿੱਦਾਂ ਸੈਲਾਬ ਹੋ ਗਈ

ਉਸਨੇ ਪੁੱਛਿਆ ਸਵਾਲ 'ਇਹੋ ਪਿਆਰ ਹੈ?'
ਆਪੇ ਆਪਣਾ ਉਹ ਯਾਰੋ ਜਵਾਬ ਹੋ ਗਈ

ਲੋਅ ਸੀ ਜੁਗਨੂੰ ਜਿਹੀ ਪਰ ਕਰਾਮਾਤ ਹੈ
ਲੋਅ ਨਾ 'ਲੋਅ' ਜੋ ਮਿਲੀ ਮਾਹਤਾਬ ਹੋ ਗਈ

ਮਿਲਦਾ ਤਾਂ ਸੀ ਰਿਹਾ, 'ਮਾਨ' ਸੁਫ਼ਨੇ ਦੇ ਵਿੱਚ
ਚਿਰ ਦੀ ਗੱਲ ਹੈ, ਲੱਗਦਾ ਹੈ ਖ਼ਾਅਬ ਹੋ ਗਈ

# ਪੰਜਾਬੀ ਸੱਥ ਦਾ ਤਾਣਾ-ਬਾਣਾ

ਸਰਪ੍ਰਸਤ ਪੰਜਾਬੀ ਸੱਥ : ਸ. ਪਿਆਰਾ ਸਿੰਘ ਲਾਂਬੜਾ

ਫ਼ੋਨ : 0181-2791036 (ਜਲੰਧਰ), 001-253-852-0770 (ਅਮਰੀਕਾ)

| ਇਕਾਈ ਦਾ ਨਾਂ | ਨਿਗਰਾਨ | ਪਤਾ (ਫ਼ੋਨ) |
|---|---|---|
| 1. ਢਾਹਾ ਪੰਜਾਬੀ ਸੱਥ ਬਰਵਾਲੀ | ਸ. ਗੁਰਦੀਪ ਸਿੰਘ ਕੰਗ | ਫ਼ਤਹਿਗੜ੍ਹ ਸਾਹਿਬ (098148-98050) |
| 2. ਪੁਆਧੀ ਪੰਜਾਬੀ ਸੱਥ | ਸ. ਮਨਮੋਹਨ ਸਿੰਘ ਦਾਊਂ | ਮੁਹਾਲੀ, ਚੰਡੀਗੜ੍ਹ (098151-23900) |
| 3. ਮਲਵਈ ਪੰਜਾਬੀ ਸੱਥ | ਡਾ. ਲਖਬੀਰ ਸਿੰਘ ਨਾਮਧਾਰੀ | ਮੰਡੀ ਕਲਾਂ, ਬਠਿੰਡਾ (098768-50680) |
| 4. ਰਿਆੜਕੀ ਪੰਜਾਬੀ ਸੱਥ | ਸ. ਸੂਬਾ ਸਿੰਘ ਖਹਿਰਾ | ਹਰਪੁਰਾ ਧੰਦੋਈ, ਗੁਰਦਾਸਪੁਰ (098556-50018) |
| 5. ਮਾਝਾ ਪੰਜਾਬੀ ਸੱਥ ਬੁਤਾਲਾ | ਬੀਬੀ ਸਵਰਨ ਕੌਰ ਬੱਲ | ਰਈਆ, ਅੰਮ੍ਰਿਤਸਰ (01853-241452) |
| 6. ਮੰਜਕੀ ਪੰਜਾਬੀ ਸੱਥ | ਪ੍ਰਿੰ. ਕੁਲਵਿੰਦਰ ਸਿੰਘ ਸਰਾਏ | ਭੰਗਾਲਾ, ਜਲੰਧਰ (098141-60642) |
| 7. ਦੋਨਾ ਪੰਜਾਬੀ ਸੱਥ | ਸੂਬੇਦਾਰ ਸ਼ਿਵ ਸਿੰਘ | ਕਾਹਲਵਾਂ, ਜਲੰਧਰ (094175-16503) |
| 8. ਪੰਜਾਬੀ ਸੱਥ ਮਾਝਾ | ਸ. ਰਘਬੀਰ ਸਿੰਘ ਤੀਰ | ਤਰਨ ਤਾਰਨ (098151-45564) |
| 9. ਹੁਸੈਨੀਵਾਲਾ ਪੰਜਾਬੀ ਸੱਥ | ਪ੍ਰੋ. ਜਸਵੰਤ ਸਿੰਘ ਕੈਲਵੀ | ਫ਼ਿਰੋਜ਼ਪੁਰ (01632-220132) |
| 10. ਲਹਿੰਦਾ ਪੰਜਾਬੀ ਸੱਥ ਜੜ੍ਹਾਂਵਾਲਾ | ਡਾ. ਤਾਹਰ ਮਹਿਮੂਦ | ਫ਼ੈਸਲਾਬਾਦ, ਲਹਿੰਦਾ ਪੰਜਾਬ (0092-300-760-7983) |
| 11. ਬਾਬਾ ਬੁੱਲ੍ਹੇ ਸ਼ਾਹ ਪੰਜਾਬੀ ਸੱਥ | ਚੌਧਰੀ ਦਿਲ ਮੁਹੰਮਦ | ਚੂਨੀਆ, ਕਸੂਰ, ਪਾਕਿਸਤਾਨ (0092-346-434-6401) |
| 12. ਲੱਖੀ ਜੰਗਲ ਪੰਜਾਬੀ ਸੱਥ | ਸ. ਲਾਭ ਸਿੰਘ ਸੰਧੂ | ਬਠਿੰਡਾ (0164-2214301) |
| 13. ਪੰਜਾਬੀ ਸੱਥ ਸਰਹਿੰਦ | ਸ. ਸੰਤ ਸਿੰਘ ਸੋਹਲ | ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ (093166-25738) |
| 14. ਪੰਜਾਬੀ ਸੱਥ ਜਰਗ | ਸ. ਨਵਜੋਤ ਸਿੰਘ ਮੰਡੇਰ | ਜ਼ਿਲ੍ਹਾ ਲੁਧਿਆਣਾ (098154-93603) |
| 15. ਪਟਿਆਲਵੀ ਪੰਜਾਬੀ ਸੱਥ | ਸ. ਦਰਸ਼ਨ ਸਿੰਘ ਆਸ਼ਟ | ਪਟਿਆਲਾ (098144-23703) |
| 16. ਲੋਕਧਾਰਾ ਪੰਜਾਬੀ ਸੱਥ | ਸ. ਦਲਬਾਰ ਸਿੰਘ ਚੱਠੇ | ਸੇਖਵਾਂ/ਸੁਨਾਮ (099154-99705) |
| 17. ਬਾਗੜੀ ਪੰਜਾਬੀ ਸੱਥ | ਡਾ. ਕਸ਼ਮੀਰ ਸਿੰਘ ਹਾਂਡਾ | ਪਿੰਡ ਕਰੀਵਾਲਾ, ਸਿਰਸਾ, ਹਰਿਆਣਾ(094168-06206) |
| 18. ਪੰਜਾਬੀ ਸੱਥ ਕਰਨਾਲ | ਸ. ਯੁਧਵੀਰ ਸਿੰਘ ਵਿਰਕ | ਤ੍ਰਾਵੜੀ, ਹਰਿਆਣਾ (094170-42176) |
| 19. ਯੂਰਪੀ ਪੰਜਾਬੀ ਸੱਥ | ਸ. ਮੋਤਾ ਸਿੰਘ ਸਰਾਏ | ਵਾਲਸਾਲ, ਇੰਗਲੈਂਡ (0044-785-075-0109) |
| 20. ਕੈਨੇਡੀਅਨ ਪੰਜਾਬੀ ਸੱਥ | ਸ. ਪਰਮਜੀਤ ਸਿੰਘ ਸੰਧੂ | ਟੋਰਾਂਟੋ, ਕੈਨੇਡਾ (001-905-793-5072) |
| 21. ਪੰਜਾਬੀ ਸੱਥ ਸਰੀ | ਸ. ਹਰਭਜਨ ਸਿੰਘ ਅਠਵਾਲ | ਕੈਨੇਡਾ (001-778-882-437●) |
| 22. ਅਮਰੀਕਨ ਪੰਜਾਬੀ ਸੱਥ | ਡਾ. ਸਵਰਾਜ ਸਿੰਘ | ਐਲਨਜਬਰਗ, ਵਾਸ਼ਿੰਗਟਨ (001-509-962-3652) |
| 23. ਪੰਜਾਬੀ ਸੱਥ ਕੈਲੇਫ਼ੋਰਨੀਆ | ਬੀਬੀ ਰਾਜਬੀਰ ਕੌਰ ਸੇਖੋਂ | ਵੁੱਡਲੈਂਡ, ਕੈਲੇਫ਼ੋਰਨੀਆ (001-530-312-0772) |
| 24. ਜਰਮਨੀ ਪੰਜਾਬੀ ਸੱਥ | ਬੀਬੀ ਅੰਜੂਜੀਤ ਸ਼ਰਮਾ | ਜਰਮਨੀ (0049-4231-6774-522) |
| 25. ਪੰਜਾਬੀ ਸੱਥ ਆਸਟ੍ਰੇਲੀਆ | ਗਿਆਨੀ ਸੰਤੋਖ ਸਿੰਘ | ਸਿਡਨੀ, ਆਸਟ੍ਰੇਲੀਆ (0061-296-757-025) |
| 26. ਬ੍ਰਿਸਬੇਨ ਪੰਜਾਬੀ ਸੱਥ | ਸ. ਦਲਬੀਰ ਸਿੰਘ ਸੁੰਮਨ | ਆਸਟ੍ਰੇਲੀਆ (0061-433-681-429) |

## ਭਰਾਤਰੀ ਜਥੇਬੰਦੀਆਂ

| | | |
|---|---|---|
| 1. ਧਰਤਿ ਸੁਹਾਵੀ | ਡਾ. ਬਲਬੀਰ ਸਿੰਘ ਭੌਰਾ | ਜਲੰਧਰ (098141-78867) |
| 2. ਚੌਗਿਰਦਾ ਬਚਾਓ ਕਮੇਟੀ | ਕੈਪਟਨ ਸਰਬਜੀਤ ਸਿੰਘ ਢਿੱਲੋਂ | ਦੁਆਬਾ, ਜਲੰਧਰ (098154-36470) |
| 3. ਸਾਵੀ ਧਰਤੀ ਟਰੱਸਟ | ਸ. ਰਾਮ ਸਿੰਘ ਢੇਸੀ | ਜਲੰਧਰ (0181-2791699) |
| 4. ਨਿਰਮਲ ਦੇਹੀ | ਸ. ਜਸਵੀਰ ਸਿੰਘ ਸ਼ੀਰੀਖਾਂਬੜਾ, | ਜਲੰਧਰ (098727-27306) |
| 5. ਸਾਡਾ ਪੰਜਾਬ | ਸ. ਇੰਦਰਜੀਤ ਸਿੰਘ ਘੁੰਗਰਾਲੀ, | ਜਲੰਧਰ (094653-30101) |
| 6. ਰੂ-ਬ-ਰੂ(ਤ੍ਰੈ-ਮਾਸਿਕ) | ਸ਼੍ਰੀ ਜਸਵਿੰਦਰ ਮਹਿਰਮ | ਫਗਵਾੜਾ (098141-14317) |
| 7. ਮੀਡੀਆ ਪੰਜਾਬ | ਬੀਬੀ ਗੁਰਦੀਸ਼ਪਾਲ ਕੌਰ ਬਾਜਵਾ | ਜਰਮਨੀ(0049-341-688-9785) |

## ਵਿਰਾਸਤੀ ਅਜਾਇਬ ਘਰ

1. ਸ਼ਹੀਦ ਬਾਬਾ ਖ਼ੁਸ਼ਹਾਲ ਸਿੰਘ ਖ਼ਾਲਸਾ ਮਾਡਲ ਸੀਨੀਅਰ ਸੈਕੰਡਰੀ ਸਕੂਲ, ਲਾਂਬੜਾ, ਜਲੰਧਰ

ਪ੍ਰਿੰ. ਅਜੀਤ ਸਿੰਘ ਸੈਣੀ (0181-2791014), ਬੀਬੀ ਅੰਮ੍ਰਿਤ ਪਾਲ ਕੌਰ (0181-2791014)

# ਪੰਜਾਬੀ ਸੱਥ ਵੱਲੋਂ ਛਾਪੀਆਂ ਕਿਤਾਬਾਂ

1. ਦਰਦਮੰਦਾਂ ਦੀਆਂ ਆਹੀਂ (ਕਾਲੇ 47 ਸੰਬੰਧੀ), ਚੜ੍ਹਦੇ-ਲਹਿੰਦੇ ਪੰਜਾਬ ਦੀਆਂ ਸਾਂਝੀਆਂ ਪੰਜਾਹ ਕਹਾਣੀਆਂ (ਪਹਿਲੀ ਛਾਪ - ਮਾਘ, 2054, ਫਰਵਰੀ 1999), (ਦੂਜੀ ਛਾਪ-ਭਾਦੋਂ, 543, ਅਗਸਤ 2011)
2. ਅੰਬਰ ਕਾਲਾ ਇਤ ਬਿਧ ਹੋਇਆ (ਕਾਲੇ 47 ਸੰਬੰਧੀ), ਚੜ੍ਹਦੇ-ਲਹਿੰਦੇ ਪੰਜਾਬ ਦੀਆਂ ਪੰਜਾਹ ਕਹਾਣੀਆਂ (ਪਹਿਲੀ ਛਾਪ - ਮਾਘ, 2055, ਜਨਵਰੀ 1999), (ਦੂਜੀ ਛਾਪ-ਅੱਸੂ, 543, ਸਤੰਬਰ 2011)
3. ਜ਼ੁਲਮੋਂ ਕੂਕ ਗਈ ਅਸਮਾਨੀਂ (ਕਾਲੇ 47 ਸੰਬੰਧੀ), ਚੜ੍ਹਦੇ-ਲਹਿੰਦੇ ਪੰਜਾਬ ਦੀਆਂ 200 ਕਵਿਤਾਵਾਂ (ਪਹਿਲੀ ਛਾਪ - ਮਾਘ, 2056, ਜਨਵਰੀ 2000), (ਦੂਜੀ ਛਾਪ-ਅੱਸੂ, 543, ਸਤੰਬਰ 2011)
4. ਬਾਣੀ ਸ਼ੇਖ਼ ਫ਼ਰੀਦ ਜੀ ਕੀ (ਸ਼ਾਹਮੁਖੀ ਤੇ ਗੁਰਮੁਖੀ) ਸ਼੍ਰੀ ਗੁਰੂ ਗ੍ਰੰਥ ਸਾਹਿਬ 'ਚ ਦਰਜ ਫ਼ਰੀਦ ਬਾਣੀ।
5. (ੳ) ਚੀਚੋ ਚੀਚ ਗਨ੍ਹੇਰੀਆਂ (ਗੁਰਮੁਖੀ) 100 ਬਾਲ ਗੀਤ ਕਵਿਤਾਵਾਂ
   (ਅ) ਚੀਚੋ ਚੀਚ ਗਨ੍ਹੇਰੀਆਂ (ਸ਼ਾਹਮੁਖੀ) 100 ਬਾਲ ਗੀਤ ਕਵਿਤਾਵਾਂ
   (ਲਿਪੀ ਬਦਲਾਅ : ਮੁਹੰਮਦ ਅਸ਼ਰਫ਼ ਸੁਹੇਲ, ਲਾਹੌਰ)
6. ਬਾਤ ਪਾਵਾਂ ਬਤੋਲੀ ਪਾਵਾਂ (ਪੰਜਾਹ ਬਾਲ ਕਹਾਣੀਆਂ) ਚੜ੍ਹਦੇ-ਲਹਿੰਦੇ ਪੰਜਾਬ ਦੀਆਂ ਸਾਂਝੀਆਂ
7. ਮਾਏ ਨੀਂ ਮਾਏ (ਕਵਿਤਾਵਾਂ) - ਮਾਂ ਦੇ ਵੱਖੋ-ਵੱਖ ਰੂਪਾਂ ਸੰਬੰਧੀ 239 ਰਚਨਾਵਾਂ
8. ਧੀਆਂ ਧਿਆਣੀਆਂ (ਕਵਿਤਾਵਾਂ) - ਧੀਆਂ ਸੰਬੰਧੀ 401 ਕਵਿਤਾਵਾਂ, ਗੀਤ, ਮਰਸੀਏ
9. ਤਿੜਕੀ ਧਰਤੀ ਵਿਹੁਲਾ ਪਾਣੀ (ਵਾਰਤਕ ਤੇ ਕਵਿਤਾਵਾਂ) - ਪ੍ਰਦੂਸ਼ਣ ਸੰਬੰਧੀ
10. ਚਿੜੀ ਵਿਚਾਰੀ ਕੀ ਕਰੇ (ਕਵਿਤਾਵਾਂ ਤੇ ਵਾਰਤਕ) - ਪ੍ਰਦੂਸ਼ਣ ਸੰਬੰਧੀ
11. ਗੱਭਰੂਦੇਸ਼ ਪੰਜਾਬ ਦੇ ਡੁੱਬ ਗਏ ਪਿਆਲੇ (ਕਵਿਤਾਵਾਂ) - ਨਸ਼ੇਖੋਰੀ ਸੰਬੰਧੀ
12. ਸਿੱਧਾ ਰਾਹ ਸਿਵਿਆਂ ਨੂੰ ਜਾਵੇ (ਵਾਰਤਕ) - ਨਸ਼ੇਖੋਰੀ ਸੰਬੰਧੀ
13. ਸਾਡਾ ਚਿੜੀਆਂ ਦਾ ਚੰਬਾ ਵੇ (ਕਵਿਤਾਵਾਂ) - ਵਿਆਹਾਂ ਦਾ ਤਿੜਕਣਾ ਤੇ ਪਰਿਵਾਰਕ ਕਲੇਸ਼ ਸੰਬੰਧੀ
14. ਜੋੜੀਆਂ ਜਗ ਥੋੜੀਆਂ (ਵਾਰਤਕ) - ਵਿਆਹ, ਤਲਾਕ ਤੇ ਰਿਸ਼ਤਿਆਂ ਦੀ ਟੁੱਟ ਭੱਜ ਸੰਬੰਧੀ
15. ਮਾਂ-ਬੋਲੀ ਦਾ ਕੱਲ੍ਹ, ਅੱਜ ਤੇ ਭਲਕ (ਵਾਰਤਕ) - ਮਾਂ-ਬੋਲੀ ਸੰਬੰਧੀ
16. ਦੀਵਾ ਬਾਲ ਪੰਜਾਬੀ ਦਾ (ਕਵਿਤਾਵਾਂ) - ਮਾਂ-ਬੋਲੀ ਸੰਬੰਧੀ
17. ਬਾਰ ਪਰਾਏ ਬੈਸਣਾ (ਕਵਿਤਾਵਾਂ ਅਤੇ ਵਾਰਤਕ) - ਪ੍ਰਵਾਸ ਸੰਬੰਧੀ
18. ਪੁਆਧ ਦਰਪਣ (ਪੁਆਧ ਦੀ ਖੋਜੀ ਜਾਣਕਾਰੀ) - ਸੰਪਾਦਕ ਮਨਮੋਹਨ ਸਿੰਘ ਦਾਊਂ, ਮੋਹਾਲੀ
19. ਰੰਗ ਪੁਆਧ ਕੇ (ਪੁਆਧੀ ਵਾਰਤਕ) - ਡਾ. ਗੁਰਮੀਤ ਸਿੰਘ 'ਬੈਦਵਾਣ', ਬਾਸੀਆਂ ਬੈਦਵਾਣ, ਫ਼ਤਹਿਗੜ੍ਹ ਸਾਹਿਬ
20. ਮਾਝੇ ਦੀ ਮੈਂ ਜੰਮੀ ਜਾਈ (ਮਾਝੇ ਦੇ ਲੋਕ-ਗੀਤ) - ਸੰਗ੍ਰਹਿ ਕਰਤਾ : ਸਵਰਨ ਕੌਰ 'ਬੱਲ', ਬੁਤਾਲਾ, ਅੰਮ੍ਰਿਤਸਰ
21. ਕੀ ਜਾਣਾ ਮੈਂ ਕੌਣ (ਪੰਜਾਬ ਸੰਬੰਧੀ ਜਾਣਕਾਰੀ ਦੇ ਸਵਾਲ-ਜਵਾਬ) - ਡਾ. ਨਿਰਮਲ ਸਿੰਘ ਲਾਂਬੜਾ
22. ਸਾਡੇ ਸਮਿਆਂ ਦਾ ਪੰਜਾਬ (ਕਵਿਤਾਵਾਂ) - ਰਣਜੀਤ ਸਿੰਘ 'ਰਾਣਾ', ਇੰਗਲੈਂਡ
23. ਕਿੱਸਾ ਹੀਰ ਵਾਰਿਸ (ਵਾਰਿਸ ਸ਼ਾਹ ਦਾ ਸ਼ਾਹਕਾਰ) - ਖੋਜ ਤੇ ਲਿਪੀ ਬਦਲਾਵ : ਅਜਮੇਰ 'ਕਵੈਂਟਰੀ', ਇੰਗਲੈਂਡ
24. ਕਿੱਸਾ ਹੀਰ ਹਜ਼ੂਰਾ ਸਿੰਘ (ਕਲੀਆਂ) - ਖੋਜ : ਹਰਵਿੰਦਰ ਸਿੰਘ 'ਚਾਹਲ', ਸਰੀ, ਬੀ.ਸੀ., ਕੈਨੇਡਾ
25. ਮਾਵਾਂ ਠੰਡੀਆਂ ਛਾਵਾਂ (111 ਧੀਆਂ ਵੱਲੋਂ ਮਾਵਾਂ ਸੰਬੰਧੀ ਕਵਿਤਾਵਾਂ) - ਸੰਗ੍ਰਹਿ ਕਰਤਾ : ਡਾ. ਚਰਨਜੀਤ ਸਿੰਘ ਦਿੱਲੀ

26. ਸ਼ੈਖ਼ ਫ਼ਰੀਦ-ਉਦ-ਦੀਨ ਗੰਜ-ਇ-ਸ਼ਕਰ - ਖ਼ਲੀਕ ਅਹਿਮਦ ਨਿਜ਼ਾਮੀ(ਇਲਾਹੀ ਜੀਵਨ ਗਾਥਾ ਤੇ ਬਾਣੀ)
ਪੰਜਾਬੀ ਉਲਥਾ : ਸ. ਚੇਤਨ ਸਿੰਘ
27. ਤ੍ਰੇਲ ਜਿਹੇ ਮੋਤੀ (ਗ਼ਜ਼ਲਾਂ) - ਕੁਲਜੀਤ ਕੌਰ 'ਗ਼ਜ਼ਲ', ਤਲਵੰਡੀ ਖੁੰਮਣ, ਅੰਮ੍ਰਿਤਸਰ
28. ਬੋਲੀ ਅਤੇ ਮਾਂ-ਬੋਲੀ (ਖੋਜ) - ਅਜਮੇਰ 'ਕਵੈਂਟਰੀ', ਇੰਗਲੈਂਡ
29. ਸਲੇਟੀ (ਗ਼ਜ਼ਲਾਂ) - ਅਜਮੇਰ 'ਕਵੈਂਟਰੀ', ਇੰਗਲੈਂਡ
30. ਪੱਥਰ ਲੀਕਾਂ (ਸਵੈ-ਜੀਵਨੀ, ਸਫ਼ਰਨਾਮਾ) - ਅਜਮੇਰ 'ਕਵੈਂਟਰੀ', ਇੰਗਲੈਂਡ
31. ਪੱਥਰ-ਫੁੱਲ ਤੇ ਆਸ਼ਕ (ਲੇਖ) - ਅਜਮੇਰ 'ਕਵੈਂਟਰੀ', ਇੰਗਲੈਂਡ
32. ਸੰਤਾਪ ਤੇ ਮਾਪੇ (ਲੇਖ) - ਅਜਮੇਰ 'ਕਵੈਂਟਰੀ', ਇੰਗਲੈਂਡ
33. ਹਿਸਾਬ (ਕਵਿਤਾਵਾਂ) - ਅਜਮੇਰ 'ਕਵੈਂਟਰੀ', ਇੰਗਲੈਂਡ
34. ਤਿਤਲੀਆਂ ਵਾਲੀ ਫ਼ਰਾਕ (ਬਾਲ-ਕਹਾਣੀਆਂ) - ਜਨਮੇਜਾ ਸਿੰਘ ਜੌਹਲ, ਲੁਧਿਆਣਾ
35. ਰੰਗਾਂ ਦੀ ਗਾਗਰ (ਸਵੈ-ਜੀਵਨੀ) - ਡਾ. ਸਰਦਾਰਾ ਸਿੰਘ ਜੌਹਲ, ਲੁਧਿਆਣਾ
36. ਨੌਂ ਮਣ ਰੇਤ (ਕਵਿਤਾਵਾਂ) - ਸੰਤ ਸੰਧੂ, ਤਲਵੰਡੀ ਸਲੇਮ, ਜਲੰਧਰ
37. ਅੱਗ ਦੇ ਅੱਥਰੂ(ਕਵਿਤਾਵਾਂ) - ਹਰਜਿੰਦਰ ਸਿੰਘ ਸੰਧੂ, ਇੰਗਲੈਂਡ
38. ਕਤਰਾ ਕਤਰਾ ਰੂਹ (ਕਵਿਤਾਵਾਂ) - ਸੁਰਿੰਦਰਜੀਤ ਕੌਰ, ਜਲੰਧਰ
39. ਨਜ਼ਰ ਲੱਗੇ ਨਾ ਕਦੇ ਪੰਜਾਬੀ ਤਾਈਂ (ਕਵਿਤਾਵਾਂ) - ਮਲਕੀਤ ਸਿੰਘ ਸੰਧੂ, ਇੰਗਲੈਂਡ
40. ਜਦ ਰੋਈ ਧਰਤ ਪੰਜਾਬ ਦੀ (ਕਵਿਤਾਵਾਂ) - ਪ੍ਰਕਾਸ਼ ਸਿੰਘ ਆਜ਼ਾਦ, ਇੰਗਲੈਂਡ
41. ਸੱਚ ਛੁਪਾਉਣਾ ਠੀਕ ਨਹੀਂ (ਕਵਿਤਾਵਾਂ) - ਮਨਜੀਤ ਸਿੰਘ ਕਮਲਾ, ਇੰਗਲੈਂਡ
42. ਅਦਭੁੱਤ ਸ਼ਿਲਪਕਾਰ ਪੰਛੀ (ਪੰਛੀਆਂ ਦੇ ਆਲ੍ਹਣੇ) - ਹਰਿੰਦਰ ਸਾਹਨੀ, ਜਲੰਧਰ
43. ਮਾਂ (ਕਵਿਤਾਵਾਂ) - ਕੋਮਲ ਸਿੰਘ ਸੰਧੂ, ਸਿੰਘਾਂ, ਜਲੰਧਰ
44. ਪ੍ਰਦੂਸ਼ਣ ਦਾ ਕਹਿਰ (ਕਵਿਤਾਵਾਂ) - ਕੋਮਲ ਸਿੰਘ ਸੰਧੂ, ਸਿੰਘਾਂ, ਜਲੰਧਰ
45. ਸ਼੍ਰੀ ਗੁਰੂਗ੍ਰੰਥ ਸਾਹਿਬ (ਇੱਕ ਜਾਣ-ਪਛਾਣ) - ਡਾ. ਗੁਰਬਚਨ ਸਿੰਘ ਖਹਿਰਾ ਤੇ ਡਾ. ਸੁਰਿੰਦਰ ਕੌਰ ਖਹਿਰਾ, ਨਕੋਦਰ
46. ਨਹੀਂ ਲੱਗਦਾ ਦਿਲ ਮੇਰਾ (ਕਵਿਤਾਵਾਂ) - ਨਰਿੰਦਰ ਕੌਰ ਸੁੰਮਨ, ਇੰਗਲੈਂਡ
47. ਵਿਰਸੇ ਦੇ ਵਾਰਸ (ਰੇਖਾ-ਚਿੱਤਰ) - ਸਤੀਸ਼ ਦਰਦੀ, ਦੁਬਈ
48. ਨਿੱਕੇ-ਨਿੱਕੇ ਮਣਕੇ (ਬਾਲ-ਕਵਿਤਾਵਾਂ) - ਸੁਰਿੰਦਰਜੀਤ ਕੌਰ, ਜਲੰਧਰ
49. ਬ੍ਰਹਿਮੰਡ ਦੀ ਘਟਨਾ (ਬਾਲ-ਕਵਿਤਾਵਾਂ) - ਸੁਰਿੰਦਰਜੀਤ ਕੌਰ, ਜਲੰਧਰ
50. ਲਾਲੜੀਆਂ ਦਾ ਘਰ (ਕਵਿਤਾਵਾਂ) - ਪ੍ਰੀਤਮ ਚੰਦ 'ਤੰਗ', ਲੁਧਿਆਣਾ
51. ਕਿੱਸਾ ਭਗਤ ਸਿੰਘ (ਕਵੀਸ਼ਰੀ) - ਚੰਦ ਸਿੰਘ ਮਰ੍ਹਾਜ, ਬਠਿੰਡਾ
52. ਕਿੱਸਾ ਕੂਕਾ ਲਹਿਰ (ਕਵੀਸ਼ਰੀ) - ਚੰਦ ਸਿੰਘ ਮਰ੍ਹਾਜ, ਬਠਿੰਡਾ
53. ਕਿੱਸਾ ਗਿਆਨੋ ਤੇ ਸੁਜਾਨੋ (ਕਵੀਸ਼ਰੀ) - ਚੰਦ ਸਿੰਘ ਮਰ੍ਹਾਜ, ਬਠਿੰਡਾ
54. ਕਥਾ ਸਮੁੰਦਰੋਂ ਪਾਰ ਦੀ (ਯੂ.ਕੇ. ਦੇ 21 ਕਹਾਣੀਕਾਰਾਂ ਦਾ ਸੰਗ੍ਰਹਿ) - ਸੰਪਾਦਕ ਸੰਤੋਖ ਧਾਲੀਵਾਲ, ਇੰਗਲੈਂਡ
55. (ੳ) ਹੀਰ ਵਾਰਿਸ ਵਿਚ ਮਿਲਾਵਟੀ ਸ਼ਿਅਰਾਂ ਦਾ ਵੇਰਵਾ (ਸ਼ਾਹਮੁਖੀ) - ਜ਼ਾਹਿਦ ਇਕਬਾਲ ਗੁਜਰਾਂਵਾਲਾ
(ਅ) ਹੀਰ ਵਾਰਿਸ ਵਿਚ ਮਿਲਾਵਟੀ ਸ਼ਿਅਰਾਂ ਦਾ ਵੇਰਵਾ (ਗੁਰਮੁਖੀ) ਜ਼ਾਹਿਦ ਇਕਬਾਲ ਗੁਜਰਾਂਵਾਲਾ

56. ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ (ਵਾਰ – ਸ਼ਾਹ ਮੁਹੰਮਦ) – ਲਿਪੀ ਬਦਲਾਵ : ਅਜਮੇਰ ਕਵੈਂਟਰੀ, ਇੰਗਲੈਂਡ
57. ਸੀਤਾ ਸਵੰਬਰ (ਪੁਆਧੀ ਕਿੱਸਾ) – ਭਗਤ ਆਸਾ ਰਾਮ ਬੈਦਵਾਨ, ਸੁਹਾਣਾ, ਮੋਹਾਲੀ
58. ਖ਼ੁਸ਼ਬੂ ਦੀਆਂ ਪੈੜਾਂ (ਕਵਿਤਾਵਾਂ) – ਹਰਜੀਤ ਸਿੰਘ ਆਸ਼ਕ, ਇੰਗਲੈਂਡ
59. ਮਿੱਟੀ ਮਿੱਟੀ ਮਹਾਂ ਕਥਾ (ਨਾਵਲ) – ਅਸ਼ੋਕ ਚਰਨ ਆਲਮਗੀਰ, ਬਟਾਲਾ
60. ਮਾਂ–ਬੋਲੀ ਦਾ ਮੁਕੱਦਮਾ (ਮਾਂ–ਬੋਲੀ ਸੰਬੰਧੀ ਲੇਖ) – ਪੰਜਾਬੀ ਸੱਥ
61. ਸਰਗੋਸ਼ੀਆਂ (ਗ਼ਜ਼ਲ) – ਅਜਮੇਰ 'ਕਵੈਂਟਰੀ', ਇੰਗਲੈਂਡ
62. ਲੋਕ ਗੀਤ ਜੀਵਨ ਗੀਤ –ਵਿਸ਼ਵ ਗੀਤ (ਕਵਿਤਾਵਾਂ) – ਅਜਮੇਰ 'ਕਵੈਂਟਰੀ', ਇੰਗਲੈਂਡ
63. ਨਹੀਂ ਖ਼ਲਕ ਦੀ ਬੰਦ ਜ਼ੁਬਾਨ ਹੁੰਦੀ (ਵਿਅੰਗ) – ਸੰਤ ਸੰਧੂ, ਤਲਵੰਡੀ ਸਲੇਮ, ਜਲੰਧਰ
64. ਮੰਜਕੀ ਭੂਮਿ ਰੰਗਾਵਲੀ (ਖੋਜ ਜਾਣਕਾਰੀ) – ਪ੍ਰਿੰ. ਕੁਲਵਿੰਦਰ ਸਿੰਘ ਸਰਾਏ, ਭੰਗਾਲਾ, ਜਲੰਧਰ ਅਤੇ ਅਸ਼ੋਕ ਚਰਨ ਆਲਮਗੀਰ, ਬਟਾਲਾ
65. ਮਾਝਾ ਦਰਸ਼ਨ (ਮਾਝੇ ਦਾ ਸਰਵਪੱਖੀ ਸਰਵੇਖਣ) – ਰਘਬੀਰ ਸਿੰਘ 'ਤੀਰ', ਤਰਨ ਤਾਰਨ
66. ਬੋਲ ਮਿਰਜ਼ਿਆ ਬੋਲ (ਕਵਿਤਾਵਾਂ) – ਕੰਵਰ ਇਮਤਿਆਜ਼, ਸਿਧਵਾਂ ਦੋਨਾ, ਕਪੂਰਥਲਾ
67. ਧੀ (ਕਵਿਤਾਵਾਂ) –ਪਰਮਿੰਦਰ ਕੌਰ ਨਾਗੀ, ਜਲੰਧਰ
68. ਬੋਲ ਮਿੱਠੇ ਅਨਮੋਲ (ਬਾਲ–ਕਵਿਤਾਵਾਂ) – ਆਤਮਾ ਸਿੰਘ ਚਿੱਟੀ, ਜਲੰਧਰ
69. ਬੋਲਦੇ ਹਰਫ਼ (ਕਵਿਤਾਵਾਂ) – ਅਮਰਜੀਤ ਸੋਮਲ, ਸੋਮਲ ਖੇੜੀ, ਲੁਧਿਆਣਾ (ਪੰਜਾਬੀ ਸੱਥ ਸਰੀ–ਵੈਨਕੂਵਰ ਵੱਲੋਂ ਪ੍ਰਕਾਸ਼ਿਤ)
70. ਬੱਲੇ ਨੀ ਪੰਜਾਬੀਏ (ਕਵਿਤਾਵਾਂ) – ਬਲਿਹਾਰ ਗੋਬਿੰਦਗੜ੍ਹੀਆ, ਗੋਬਿੰਦਗੜ੍ਹ, ਲੁਧਿਆਣਾ (ਪੰਜਾਬੀ ਸੱਥ ਸਰੀ–ਵੈਨਕੂਵਰ ਵੱਲੋਂ ਪ੍ਰਕਾਸ਼ਿਤ)
71. ਦੇਸ ਪਰਾਇਆ ਆਪਣੇ ਲੋਕ (ਲੇਖ) – ਸੁਰਜੀਤ ਸਿੰਘ ਕਾਲੜਾ, ਇੰਗਲੈਂਡ
72. ਕਾਲਾ ਗੁਲਾਬ ਚਿੱਟੀ ਮਹਿਕ (ਕਵਿਤਾਵਾਂ) – ਮਹਿੰਦਰ ਸਿੰਘ ਦਿਲਬਰ, ਇੰਗਲੈਂਡ
73. ਇਹ ਵੀ ਸੱਚ ਹੈ (ਗ਼ਜ਼ਲਾਂ) – ਜਸਵਿੰਦਰ ਮਹਿਰਮ, ਫਗਵਾੜਾ
74. ਦੁੱਲੇ ਖਰਲ਼ ਸਰਾਭੇ (ਲੇਖ ਨੁਮਾ ਖਾਕੇ) – ਅਜਮੇਰ 'ਕਵੈਂਟਰੀ', ਇੰਗਲੈਂਡ
75. ਕਾਲਾ ਅੰਬ (ਕਵਿਤਾਵਾਂ) – ਅਜਮੇਰ 'ਕਵੈਂਟਰੀ', ਇੰਗਲੈਂਡ
76. ਧੀਆਂ ਦਾਤ ਅਦੁੱਤੀ (116 ਮਾਂਵਾਂ ਵੱਲੋਂ ਧੀਆਂ ਸੰਬੰਧੀ ਕਾਵਿ–ਸੰਗ੍ਰਹਿ) – ਸੰਪਾਦਕ ਡਾ. ਚਰਨਜੀਤ ਸਿੰਘ, ਦਿੱਲੀ
77. ਲੜੀ ਦਾ ਰਾਗ (ਰਵਾਇਤੀ ਗਾਇਕੀ ਦੀ ਖੋਜ) – ਡਾ. ਹਰਨੇਕ ਸਿੰਘ ਹੇਅਰ, ਨਕੋਦਰ
78. ਵੁਲਵਰਹੈਂਪਟਨ ਕਵੀਆਂ ਦਾ ਸ਼ਹਿਰ (32 ਕਵੀਆਂ ਦੀਆਂ ਰਚਨਾਵਾਂ) – ਸੰਪਾਦਕ ਇੰਦਰਜੀਤ ਸਿੰਘ ਜੀਤ, ਵੁਲਵਰਹੈਂਪਟਨ, ਇੰਗਲੈਂਡ
79. ਬਾਬਾ ਨਜਮੀਂ ਦੀ ਚੋਣਵੀਂ ਕਵਿਤਾ (ਸਾਂਝੇ ਪੰਜਾਬ ਦਾ ਲੋਕ ਕਵੀ) – ਲਿਪੀ ਬਦਲਾਅ : ਹਰਭਜਨ ਸਿੰਘ ਹੁੰਦਲ, ਫੱਤੂਚੱਕ, ਕਪੂਰਥਲਾ
80. ਬੂਹੇ ਬਾਰੀਆਂ (ਸੱਥ ਵੱਲੋਂ ਛਾਪੀਆਂ ਕਿਤਾਬਾਂ ਦੀਆਂ ਸੰਪਾਦਕੀਆਂ) – ਪੰਜਾਬੀ ਸੱਥ
81. ਚੱਲ ਮਾਲਵੇ ਦੇਸ ਨੂੰ ਚੱਲੀਏ (ਮਾਲਵੇ ਸੰਬੰਧੀ ਖੋਜ ਜਾਣਕਾਰੀ) – ਸੰਪਾਦਕ ਡਾ. ਲਖਬੀਰ ਸਿੰਘ ਨਾਮਧਾਰੀ, ਰਾਮਪੁਰਾ ਫੂਲ, ਬਠਿੰਡਾ
82. ਘੁੰਮਣ ਘੇਰੀਆਂ (ਕਵਿਤਾਵਾਂ) – ਕਸ਼ਮੀਰ ਸਿੰਘ ਘੁੰਮਣ, ਇੰਗਲੈਂਡ

83. ਅੱਖਰ ਇਸ਼ਕ ਇਬਾਦਤ (ਕਵਿਤਾਵਾਂ) – ਸੁਖਦੀਪ ਬਿਰਧਨੋ, ਨਾਭਾ

84. ਘਿਉ ਚੂਰੀ ਦੀਆਂ ਬਾਤਾਂ (ਕਵਿਤਾਵਾਂ) – ਸੰਪਾਦਕ ਅੰਜੂਜੀਤ ਸ਼ਰਮਾ ਅਤੇ ਮੀਡੀਆ ਪੰਜਾਬ, ਜਰਮਨੀ

85. ਸੱਚੇ ਪਾਤਸ਼ਾਹ (ਅਧਿਆਤਮਕ ਗ਼ਜ਼ਲ ਸੰਗ੍ਰਹਿ) – ਚਰਨ ਸੀਚੇਵਾਲਵੀ, ਜਲੰਧਰ

86. ਰਾਹੀਆ ਰਾਹ ਢੂੰਡੇਂਦਿਆਂ (ਕਵਿਤਾਵਾਂ) – ਅਮਰ ਸਿੰਘ ਅਲੂਣਾ, ਜਰਗ

87. ਤਿੜਕੀ ਧਰਤੀ ਪਾਟਿਆ ਅੰਬਰ (ਦਾਸਤਾਨ-ਏ-ਸੰਤਾਲੀ) – ਸੂਬੇਦਾਰ ਸ਼ਿਵ ਸਿੰਘ ਕਾਹਲਵਾਂ, ਕਪੂਰਥਲਾ

88. ਨਾਲ ਖ਼ੁਦਾ ਦੇ ਗੱਲਾਂ (ਗੁਰਮਤਿ ਸੰਬੰਧੀ ਗ਼ਜ਼ਲਾਂ) – ਗੁਰਦਰਸ਼ਨ ਸਿੰਘ ਬਾਦਲ, ਸਰੀ, ਕੈਨੇਡਾ

89. ਗੀਤ ਗਾਈਏ ਪਿਆਰੇ ਬੱਚਿਓ (ਬਾਲ ਗੀਤ) – ਕਰਮਜੀਤ ਸਿੰਘ ਗਰੇਵਾਲ, ਲੁਧਿਆਣਾ

90. ਸ਼ਤਾਬਦੀਆਂ ਦਾ ਸੁਨੇਹਾ (ਵਾਰਤਕ) – ਡਾ. ਕੁਲਵੰਤ ਕੌਰ, ਪਟਿਆਲਾ

91. ਸ਼ਹਿਰ ਜ਼ਹਿਰ ਕਹਿਰ (ਸ਼ਹਿਰੀਕਰਣ ਸੰਬੰਧੀ ਕਵਿਤਾਵਾਂ) – ਪੰਜਾਬੀ ਸੱਥ

92. ਜਿਥੇ ਕਿੱਕਰਾਂ ਨੂੰ ਅੰਬ ਲੱਗਦੇ (ਮਾਲਵੇ ਦੀ ਖੋਜੀ ਜਾਣਕਾਰੀ) – ਸੰਪਾਦਕ ਡਾ. ਲਖਬੀਰ ਸਿੰਘ ਨਾਮਧਾਰੀ, ਰਾਮਪੁਰਾ ਫੂਲ, ਬਠਿੰਡਾ

93. ਸ਼ਹਿਰ ਨਮੂਨੇ ਨਰਕ ਦੇ (ਪ੍ਰਦੂਸ਼ਣ ਸੰਬੰਧੀ ਲੇਖ) – ਪੰਜਾਬੀ ਸੱਥ, ਲਾਂਬੜਾ, ਜਲੰਧਰ

94. ਮਹਿਕਾਂ ਦੇ ਤਰਾਨੇ (ਕਵਿਤਾਵਾਂ) – ਪ੍ਰੋ. ਜਸਵੰਤ ਸਿੰਘ ਕੈਲਵੀ, ਫ਼ਿਰੋਜ਼ਪੁਰ

95. ਉਠੀ ਕਲੇਜੇ ਚੀਸ (ਕਵਿਤਾਵਾਂ) – ਡਾ. ਹਰਪ੍ਰੀਤ ਸਿੰਘ 'ਪ੍ਰੀਤ', (ਪੰਜਾਬੀ ਸੱਥ, ਸਰਹਿੰਦ)

96. ਪਾੜ ਦਿਓ ਬੇਦਾਵਾ (ਕਵਿਤਾਵਾਂ) – ਅਮਰ ਸਿੰਘ ਅਲੂਣਾ (ਪੰਜਾਬੀ ਸੱਥ, ਜਰਗ)

97. ਸੋਚਾਂ ਦੀਆਂ ਪੈੜਾਂ (ਕਵਿਤਾਵਾਂ) – ਅੰਜੂ ਜੀਤ ਸ਼ਰਮਾ, ਜਰਮਨੀ

98. ਧਰਤੀ ਦੀ ਪੁਕਾਰ (ਨਾਟਕ) – ਕਰਮਜੀਤ ਸਿੰਘ ਗਰੇਵਾਲ, ਲੁਧਿਆਣਾ

99. ਪੁਲ਼ ਮੋਰਾਂ (ਕਵਿਤਾਵਾਂ) – ਸੰਤ ਸੰਧੂ, ਤਲਵੰਡੀ ਸਲੇਮ, ਜਲੰਧਰ

100. ਇਕ ਸਾਧ ਭਗਵਿਆਂ ਵਾਲਾ (ਕਵਿਤਾਵਾਂ) – ਮਨੋਹਰ ਸਾਦਿਕ, ਨਕੋਦਰ

101. ਯਾਦਾਂ ਦੀ ਖ਼ੁਸ਼ਬੋ (ਕਵਿਤਾਵਾਂ) – ਨਰਿੰਦਰ ਕੌਰ ਸੁੰਮਨ, ਇੰਗਲੈਂਡ

102. ਮਰਦ ਗੁਰੂਦਾ ਚੇਲਾ (ਕਵਿਤਾਵਾਂ) – ਬਲਿਹਾਰ ਸਿੰਘ ਰੰਧਾਵਾ, ਲੈਸਟਰ, ਇੰਗਲੈਂਡ

103. The Colourful Land of Manjki – Manjki Panjabi Sath, Bhangala

104. ਸਾਡੀਆਂ ਧੀਆਂ ਸਾਡੀਆਂ ਮਾਵਾਂ (ਕਵਿਤਾਵਾਂ) – ਅਜਮੇਰ 'ਕਵੈਂਟਰੀ', ਇੰਗਲੈਂਡ

105. ਨਿੱਕੇ ਪੈਰ ਬਿਖੜੇ ਪੈਂਡੇ (ਬਾਲ-ਮਨੋਵਿਗਿਆਨਕ ਕਹਾਣੀਆਂ) – ਸੰਗ੍ਰਹਿ ਕਰਤਾ : ਡਾ. ਚਰਨਜੀਤ ਸਿੰਘ, ਦਿੱਲੀ

106. ਜੂਹ ਵਿੱਚ ਰੂਹ (ਗ਼ਜ਼ਲ ਤੇ ਕਾਵਿ ਸੰਗ੍ਰਹਿ) – ਮਹਿੰਦਰ ਸਿੰਘ ਰਾਏ, ਰੈਡਿਚ, ਇੰਗਲੈਂਡ